SATJUG
1920 ਤੋਂ
ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ (1920 ਈ:) ਤੋਂ ਸਥਾਪਿਤ

ਸਾਉਣ ੨੦੭੫
ਵੀਰਵਾਰ
19-25July 2018

ਜਿਲਦ 26
ਨੰਬਰ 14
Total Pages 28



ਉਹ ਨਦਰੀ ਨਦਰ ਨਿਹਾਲ ਹੋਏ, ਉਹਨਾਂ ਤੱਕਿਆ ਜਿੱਧਰ ਨਿਗ੍ਹਾ ਕਰਕੇ।
ਉਹ ਖਾਦਮ ਖੁਦਾ ਖੁਦ ਹੋ ਗਏ, ਜਿਨ੍ਹਾਂ ਮੰਨਿਆ ਉਹਨੂੰ ਖੁਦਾ ਕਰਕੇ।








# ਸਤਿਜੁਗ

੪ ਤੋਂ ੧੦ ਸਾਉਣ, ੨੦੭੫ ਬਿ.
19 ਤੋਂ 25 ਜੁਲਾਈ 2018 ਈ:
ਜਿਲਦ 26,ਵੀਰਵਾਰ ਨੰਬਰ 14



**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015
E-mail : satjug@sribhainisahib.com

Website: www.satjugonline.com



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 18-07-2018,**
**Date of Posting: 19-20 July 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com



ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099, 70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਗੁਰਬਾਣੀ ਵੀਚਾਰ
ਸੰਤ ਨਿਸ਼ਾਨ ਸਿੰਘ ....................................4

* ਸੰਪਾਦਕੀ- ਸੋਈ ਸਤਿਗੁਰੁ ਪੁਰਖੁ ਹੈ
ਸੇਵਕ ਹਰਪਾਲ ਸਿੰਘ............................................5

* ਹਸਤ ਲਿਖਤ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.......................7

* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ...............................8

* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ...........................8

* ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ..................................9

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ..................10

* ਰੁਦ੍ਰ ਅਵਤਾਰ:ਦੱਤਾ ਤ੍ਰੇਯ
ਮਾਸਟਰ ਦਰਸ਼ਨ ਸਿੰਘ .............................13

* ਸਹਿਜ ਸ਼ਾਤ ਅਤੇ ਅਡੋਲ ਸਤਿਗੁਰੂ
ਸੁਵਰਨ ਸਿੰਘ ਵਿਰਕ..................................15

* ਗੁਰਗੱਦੀ ਉਪਰ ਆਪਣੇ ਆਪਣੇ ਦਾਅਵੇ
ਡਾ.ਅਮਰ ਭਾਰਤੀ......................................18

* ਸਰਗੁਣ ਬ੍ਰਹਮ
ਸਵਾਮੀ ਬ੍ਰਹਮ ਉਦਾਸੀ...................................21

* ਕਾਵਿ-ਕਿਆਰੀ........................................................21

* ਪਹਿਰਿ ਸਿਰਪਾਉ ਸੇਵਕ ਜਨ ਮੇਲੇ...................................22
ਜਸਵੰਤ ਸਿੰਘ 'ਮਸਤ'

* ਸਤਿਗੁਰੁ ਤੁਲਿ ਨ ਮਿਹਰਵਾਨ.....
ਸਾਧੂ ਸਿੰਘ ਕਿਸਾਨ......................................23

* ਸੁੱਚੇ ਮੋਤੀ .............................................................24

* ਬਾਲ ਸੰਦੇਸ਼...........................................................25

* ਕੀਰਤਨੁ ਕਰਿਅਹੁ ਨਿਰਬਾਣੁ ਜੀਉ...................................26

# ਗੁਰਬਾਣੀ ਵੀਚਾਰ

ਆਠ ਪਹਰ ਨਿਕਟਿ ਕਰਿ ਜਾਨੈ॥
ਪ੍ਰਭ ਕਾ ਕੀਆ ਮੀਠਾ ਮਾਨੈ॥
ਏਕੁ ਨਾਮੁ ਸੰਤਨ ਆਧਾਰੁ॥
ਹੋਇ ਰਹੇ ਸਭ ਕੀ ਪਗ ਛਾਰੁ॥
ਸੰਤ ਰਹਤ ਸੁਨਹੁ ਮੇਰੇ ਭਾਈ॥
ਉਆ ਕੀ ਮਹਿਮਾ ਕਥਨ ਨ ਜਾਈ॥1॥ ਰਹਾਉ॥

ਵੀਚਾਰ:- ਬਹੁ-ਰੰਗੀ ਪਰਮੇਸ਼ਰ ਦੀ ਕੁਦਰਤ ਵੀ ਬਹੁ-ਰੰਗੀ ਹੈ। ਉਸਦੀ ਬਣਾਈ ਕਾਇਨਾਤ ਵਿੱਚੋਂ ਬੇ-ਅੰਤ ਰੰਗ ਦਿਖਾਈ ਦਿੰਦੇ ਹਨ। ਗਹੁ ਨਾਲ ਵੇਖੀਏ ਤਾਂ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਚਾਰੇ ਖਾਣੀਆਂ ਦੀ ਪੈਦਾਇਸ਼ ਕਦੀ ਵੀ ਇਕ-ਸਾਰ ਨਹੀਂ ਹੁੰਦੀ। ਜੇਕਰ ਇਕੱਲੀ ਮਨੁੱਖ ਸ਼੍ਰੇਣੀ ਦੀ ਹੀ ਗੱਲ ਕਰ ਲਈਏ ਤਾਂ ਹਰ ਇੱਕ ਆਦਮੀ ਦੇ ਨਕਸ਼ੋ-ਨੁਹਾਰ ਅਤੇ ਚਿਹਨ-ਚੱਕਰ ਵੱਖਰੇ ਵਿਖਾਈ ਦਿੰਦੇ ਹਨ। ਇਸ ਤੋਂ ਅੱਗੇ ਹੋਰ ਡੂੰਘਾਈ ਵਿੱਚ ਜਾਈਏ ਤਾਂ ਪਤਾ ਲੱਗੇਗਾ ਕਿ ਬਾਹਰੀ ਰੂਪ ਦੇ ਨਾਲ-ਨਾਲ ਕਰਮ-ਭਾਗ, ਵਿਚਾਰ ਅਤੇ ਸੁਭਾਅ ਵੀ ਹਰ ਇੱਕ ਦੇ ਭਿੰਨ-ਭਿੰਨ ਹਨ। ਅਸਲ ਵਿੱਚ ਇਸ ਪੰਜ ਭੂਤਕ ਦਾ ਕੋਈ ਵੀ ਨਾਮ ਨਹੀਂ, ਨਾਮ ਤਾਂ ਸਿਰਫ ਕਰਮ ਕਰਕੇ ਹੀ ਹੈ। ਸਾਹਿਬ ਗੁਰਬਾਣੀ ਵਿਚ ਫੁਰਮਾਉਂਦੇ ਹਨ-

ਜੋ ਧਰਮ ਕਮਾਵੈ ਤਿਸੁ ਧਰਮਿ ਨਾਉ ਹੋਵੈ,ਪਾਪ ਕਮਾਵੈ ਪਾਪੀ ਜਾਣੀਐ॥
ਏਕ ਬਗੀਚਾ ਪੇਡ ਘਨ ਕਰਿਆ,ਬਿਰਖੈ ਹੇਠ ਸਭ ਜੰਤ ਇਕਠੇ ॥
ਇਕਿ ਤਤੇ ਇਕਿ ਬੋਲਨਿ ਮਿਠੇ॥ ”ਅਤੇ
“ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥ ”

ਅਨੁਸਾਰ ਕੋਈ ਮਨੁੱਖ ਉੱਚਾ ਅਤੇ ਕੋਈ ਨੀਵਾਂ ਹੈ। ਕਿਸੇ ਨੂੰ ਚੋਰ, ਯਾਰ, ਠੱਗ, ਪਾਪੀ ਅਤੇ ਕਿਸੇ ਨੂੰ ਸੰਤ, ਭਗਤ, ਦੇਵਤਾ ਆਦਿ ਵਿਸ਼ੇਸਣਾਂ ਨਾਲ ਯਾਦ ਕੀਤਾ ਜਾਂਦਾ ਹੈ। 'ਸੰਤ' ਸ਼ਬਦ ਗੁਰਮਤਿ ਵਿੱਚ ਅਤੀ ਸਤਿਕਾਰਯੋਗ ਸ਼ਬਦ ਹੈ। 'ਸੰਤ' ਨੂੰ ਰੱਬ ਰੂਪ ਕਹਿਕੇ ਵਡਿਆਇਆ ਗਿਆ ਹੈ।

'ਮੇਰੀ ਬਾਂਧੀ ਭਗਤ ਛਡਾਵੈ' ਜਾਂ 'ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ' ਆਦਿਕ ਐਸੇ ਸ਼ਬਦ ਹਨ ਜਿੱਥੇ ਸੰਤਾਂ ਦੀ ਨਿਰਮਲ ਵਡਿਆਈ ਨਿਰਗੁਣ ਬ੍ਰਹਮ ਤੋਂ ਵੀ ਵਡੀ ਕਥਨ ਕੀਤੀ ਗਈ ਹੈ।

ਪਰ ਜ਼ਿਆਦਾਤਰ ਅਜੋਕੇ ਸਮਾਜ ਵਿੱਚ ਵੇਖਣ ਨੂੰ ਮਿਲਦਾ ਹੈ ਕਿ ਸੰਤ ਸ਼ਬਦ ਦਾ ਦੁਰ-ਉਪਯੋਗ ਹੋ ਰਿਹਾ ਹੈ। ਅੱਜ ਸੰਤ ਇੱਕ ਭੇਖ ਦਾ ਨਾਂ ਬਣ ਕੇ ਰਹਿ ਗਿਆ ਹੈ। ਪਾਖੰਡ ਵਾਦ ਦੇ ਰੌਲੇ ਵਿੱਚ ਸ਼ੁਭ-ਗੁਣਾਂ ਦੀ ਬਜਾਏ ਭੇਖ ਦੀ ਹੀ ਪੂਜਾ ਹੋ ਰਹੀ ਹੈ। ਪਰ ਗੁਰਬਾਣੀ ਵਿੱਚ ਸਤਿਗੁਰੂ ਜੀ ਨੇ ਜਿਸ ਸੰਤ ਅਥਵਾ ਭਗਤ ਦੀ ਗੱਲ ਕੀਤੀ ਹੈ, ਉਸ ਦੀ ਪਰਿਭਾਸ਼ਾ, ਵਿਸ਼ੇਸ਼ਤਾਵਾਂ ਅਤੇ ਗੁਣਾਂ ਦਾ ਜ਼ਿਕਰ ਵੀ ਬਹੁਤ ਸ਼ਬਦਾਂ ਵਿੱਚ ਕੀਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਉਪਰੋਕਤ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ ੩੯੨ 'ਤੇ ਸੁਸ਼ੋਭਿਤ ਹੈ। ਇਸ ਪਾਵਨ ਸ਼ਬਦ ਵਿੱਚ ਪੰਚਮ ਪਾਤਸ਼ਾਹ ਜੀ ਨੇ ਸੰਤਾਂ ਦੀ ਸਖਸ਼ੀਅਤ ਨੂੰ ਪ੍ਰਗਟ ਕਰਨ ਵਾਸਤੇ ਉਹਨਾ ਦੇ ੧੨ ਸ਼ੁਭ ਗੁਣਾਂ ਦਾ ਜ਼ਿਕਰ ਕੀਤਾ ਹੈ। ਰਹਾਉ ਵਾਲੀ ਤੁਕ ਵਿੱਚ ਹੁਕਮ ਹੈ ਕਿ ਸੰਤਾਂ ਦੀ ਕਰਨੀ ਇਸ ਤਰ੍ਹਾਂ ਦੀ ਹੁੰਦੀ ਹੈ, ਪਰ ਨਾਲ ਹੀ ਫੁਰਮਾਇਆ ਹੈ ਕਿ ਉਹਨਾਂ ਦੀ ਉਪਮਾ ਬਿਆਨ ਨਹੀਂ ਕੀਤੀ ਜਾ ਸਕਦੀ। ਸ਼ਾਂਤ-ਚਿੱਤ ਮਹਾਤਮਾ,ਸੱਚ ਨਾਲ ਸਦੀਵੀ ਤੌਰ 'ਤੇ ਜੁੜੇ ਹੁੰਦੇ ਹਨ। ਭਾਂਵੇ ਪਰਮੇਸ਼ਰ 'ਘਟ ਘਟ ਮੈ ਹਰਿ ਜੂ ਬਸੈ' ਦੇ ਵਾਕ ਅਨੁਸਾਰ ਹਰੀ ਹਿਰਦੇ ਵਿੱਚ ਵਸ ਰਿਹਾ ਹੈ, ਪਰ 'ਸਭ ਕੀ ਗਠੜੀ ਲਾਲ' ਹੁੰਦਿਆਂ ਵੀ ਗਿਆਨ ਵਿਹੂਣਾ ਮਨੁੱਖ ਆਤਮਿਕ ਕੰਗਾਲੀ ਭੋਗ ਰਿਹਾ ਹੈ। ਸੰਤ-ਜਨ ਹਰੀ ਨੂੰ ਆਪਣੀ ਸਾਹ-ਰਗ ਤੋਂ ਵੀ ਨੇੜੇ ਸਮਝਦੇ ਹਨ। ਉਹ ਪ੍ਰਭੂ ਨੂੰ ਇੱਕ ਖਿਣ ਵੀ ਦੂਰ ਨਹੀਂ ਸਮਝਦੇ।

ਉਸ ਪਰਮ-ਸੱਤਾ ਅਤੇ ਪਰਮ-ਸੱਤਯ ਸਰੂਪ ਪ੍ਰਭੂ ਨੂੰ ਹਰ ਦਮ ਆਪਣੇ ਕੋਲ ਜਾਨਣ ਨਾਲ ਉਹਨਾ ਨੂੰ ਪਰਮ-ਅਰਥ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਨੂੰ ਅੰਗ ਸੰਗ ਜਾਨਣ ਦਾ ਸਭ ਤੋਂ ਪਹਿਲਾ ਲਾਭ ਇਹ ਹੁੰਦਾ ਹੈ ਕੇ ਜੀਵ ਭੈ ਰਹਿਤ ਹੋ ਜਾਂਦਾ ਹੈ। ਜਿਸ ਤਰ੍ਹਾਂ ਬੱਚਾ ਆਪਣੀ ਮਾਂ ਦੀ ਗੋਦ ਵਿੱਚ ਆਪਣੇ ਆਪ ਨੂੰ ਸਭ ਤੋਂ ਸੁਰੱਖਿਅਤ ਸਮਝਦਾ ਹੈ, ਇਸੇ ਤਰਾਂ ਜਿਹੜੇ ਜੀਵ ਸਰਬ ਸ਼ਕਤੀਮਾਨ ਪਰਮਾਤਮਾ ਦੀ ਸ਼ਰਨ ਵਿੱਚ ਪੈ ਕੇ ਉਸਨੂੰ 'ਸਦਾ ਅੰਗ ਸੰਗੇ' ਜਾਣਦੇ ਹਨ, ਉਹ ਭੈ ਮੁਕਤ ਹੋ ਜਾਂਦੇ ਹਨ। ਦੂਸਰਾ ਲਾਭ – ਜੀਵ ਬੁਰਿਆਈ ਤੋਂ ਬਚ ਜਾਂਦਾ ਹੈ। ਜਿਵੇਂ ਅਸੀਂ ਕੋਈ ਵੀ ਬੁਰਿਆਈ ਕਰਨ ਲੱਗਿਆਂ ਆਪਣੇ ਆਲੇ-ਦੁਆਲੇ ਵੇਖਦੇ ਹਾਂ ਕਿ ਕੋਈ ਵੇਖਦਾ ਤਾਂ ਨਹੀਂ? ਸੰਸਾਰਿਕ ਅਤੇ ਕਮਜ਼ੋਰ ਲੋਕਾਂ ਤੋਂ ਡਰ ਕੇ ਹੀ ਅਸੀਂ ਕਈ ਵਾਰ ਬੁਰਿਆਈ ਤੋਂ ਬਚ ਜਾਂਦੇ ਹਾਂ। ਇਸ ਤਰ੍ਹਾਂ ਜਿਹੜੇ ਲੋਕ ਉਸ ਹਾਜ਼ਰਾ ਹਜ਼ੂਰ ਨੂੰ ਆਪਣੇ ਨਿਕਟਤਮ ਜਾਣ ਲੈਂਦੇ ਹਨ, ਉਹਨਾਂ ਦੇ ਨਿਕਟ ਬੁਰਿਆਈ ਕਦੇ ਆ ਹੀ ਨਹੀਂ ਸਕਦੀ। ਸੋ ਐਸੇ ਸੰਤ ਜਨ ਨਿਰਭਉ ਅਤੇ ਨਿਰਵੈਰ ਵਿੱਚ ਲੀਨ ਹੋ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਸ਼ਾ, ਤ੍ਰਿਸ਼ਨਾ, ਵੈਰ-ਵਿਰੋਧ ਤੋਂ ਨਿਰਲੇਪ ਹੋ ਜਾਂਦੇ ਹਨ। ਐਸੇ ਲੋਕਾਂ ਨੂੰ ਗੁਰਬਾਣੀ ਵਿੱਚ ਸਤਿਗੁਰੂ ਜੀ 'ਸੰਤ' ਦੀ ਪਦਵੀ ਬਖਸ਼ਿਸ਼ ਕਰਦੇ ਹਨ।

**-ਸੰਤ ਨਿਸ਼ਾਨ ਸਿੰਘ**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬ੍ਰਿ. (1920ਈ:) ਤੋਂ ਸਥਾਪਿਤ

ਜਿਲਦ 26 ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਨੰਬਰ 14

੪ ਤੋਂ ੧੦ ਸਾਉਣ ੨੦੭੫ ਬ੍ਰਿ: 19 to 25 July 2018 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੩

## ਸੋਈ ਸਤਿਗੁਰੁ ਪੁਰਖੁ ਹੈ

ਸਾਡੇ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਸਤਿਗੁਰੂ, ਸਤਿ-ਸੰਗਤ, ਸਿੱਖ, ਭਗਤ, ਪੰਡਿਤ, ਗਿਆਨੀ, ਮੂਰਖ, ਸਿਆਣਾ, ਦੇਵ, ਦਾਨਵ, ਧਰਮ, ਅਧਰਮ, ਗੁਰਮੁਖ, ਮਨਮੁਖ ਆਦਿ ਸਾਰੇ ਸ਼ਬਦਾਂ ਦੀ ਬੜੀ ਸਪਸ਼ਟ ਵਿਆਖਿਆ ਕੀਤੀ ਹੈ। ਹਥਲੇ ਸੰਪਾਦਕੀ ਵਿੱਚ ਕੇਵਲ 'ਸਤਿਗੁਰੂ' ਸ਼ਬਦ ਬਾਰੇ ਹੀ ਪਾਠਕਾਂ ਨਾਲ ਵਿਚਾਰ ਸਾਂਝੇ ਕੀਤੇ ਜਾਣਗੇ।

'ਸਤਿਗੁਰੂ' ਸ਼ਬਦ 'ਸਤਿ' ਅਤੇ 'ਗੁਰੂ' ਦੀ ਸੰਧੀ ਹੈ। 'ਸਤਿ' ਭਾਵ ਸੱਚ ਅਤੇ 'ਗੁ' ਭਾਵ ਹਨੇਰਾ, 'ਰੂ' ਭਾਵ ਪ੍ਰਕਾਸ਼। ਝੂਠ ਦੇ, ਅਗਿਆਨ ਦੇ ਹਨੇਰੇ ਵਿੱਚ ਸੱਚ ਦਾ, ਗਿਆਨ ਦਾ ਪਰਕਾਸ਼ ਕਰਨ ਵਾਲੇ ਮਹਾਂ-ਪੁਰਖ ਨੂੰ ਸਤਿਗੁਰੂ ਕਹਿ ਕੇ ਪੂਜਿਆ ਜਾਂਦਾ ਹੈ-

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥

ਸਤਿਗੁਰੂ, ਸਤਿ-ਪੁਰਖ ਹੈ, ਪੂਰਨ ਬਿਬੇਕੀ ਹੈ, ਜਿਸਨੇ ਅਕਾਲ ਪੁਰਖ ਨੂੰ ਜਾਣ ਲਿਆ ਹੈ-

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥

ਐਸੇ ਪੂਰੇ ਸਤਿਗੁਰੂ ਦੀ ਸਰਨ ਆਇਆਂ ਦਾ ਕਲਿਆਣ ਹੁੰਦਾ ਹੈ। ਸਤਿਗੁਰੂ, ਸਤਿ ਪੁਰਖ ਪਰਮੇਸਰ ਨਾਲ ਅਭੇਦ ਹੁੰਦਾ ਹੈ। ਸਤਿਗੁਰੂ ਦੇ ਹਿਰਦੇ ਵਿੱਚ ਸੱਚ ਹੁੰਦਾ ਹੈ, ਨਾਮ ਹੁੰਦਾ ਹੈ, ਉਹ ਆਪ ਹਰੀ ਦੇ ਮਾਰਗ ਤੇ, ਸੱਚ ਦੇ ਮਾਰਗ ਤੇ ਚੱਲਦਾ ਹੈ ਅਤੇ ਹੋਰਨਾਂ ਨੂੰ ਪ੍ਰਭੂ ਪਰਾਪਤੀ ਦਾ ਮਾਰਗ ਦੱਸਦਾ ਹੈ। ਆਪ ਨਾਮ ਜਪਦਾ ਹੈ, ਹੋਰਨਾਂ ਨੂੰ ਨਾਮ ਦੀ ਦਾਤ ਬਖਸ਼ਦਾ ਹੈ, ਨਾਮ ਜਪਵਾਉਂਦਾ ਹੈ। ਰਾਗ ਮਾਝ ਵਿੱਚ ਗੁਰੂ ਰਾਮ ਦਾਸ ਜੀ ਸਤਿਗੁਰੂ ਦੀ ਤਾਰੀਫ ਕਰਦੇ ਹਨ-

ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥

ਜਿਵੇਂ ਪ੍ਰਕਾਸ਼ ਦਾ ਸ੍ਰੋਤ ਹੈ ਸੂਰਜ, ਚੰਦ, ਦੀਵਾ ਆਦਿ ਪਰ ਹਨੇਰੇ ਦਾ ਕੋਈ ਸ੍ਰੋਤ ਨਹੀਂ। ਪ੍ਰਕਾਸ਼ ਦੀ ਅਣਹੋਂਦ ਹੀ ਹਨੇਰਾ ਹੈ। ਇਸੇ ਤਰ੍ਹਾਂ ਗਿਆਨ ਦਾ ਸ੍ਰੋਤ ਹੈ ਸਤਿਗੁਰੂ ਅਤੇ ਸਤਿਗੁਰੂ ਤੋਂ ਬਿਨਾਂ ਅਗਿਆਨ ਦਾ ਗੁਬਾਰ ਹੈ-

ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ॥ ਅਤੇ
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ॥

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਰਾਗ ਆਸਾ ਵਿੱਚ ਫੁਰਮਾਉਂਦੇ ਹਨ-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

ਸਤਿਗੁਰੂ ਦੀ ਤਾਰੀਫ ਹੈ ਕਿ ਉਹ ਠੱਗਾਂ ਨੂੰ ਸੱਜਣ ਬਣਾ ਦੇਂਦਾ ਹੈ, ਚੋਰਾਂ, ਡਾਕੂਆਂ ਨੂੰ ਦਾਤੇ ਅਤੇ ਭਗਤ ਬਣਾ ਦੇਂਦਾ ਹੈ, ਕਾਇਰਾਂ ਨੂੰ ਸੂਰਮੇ ਬਣਾ ਦੇਂਦਾ ਹੈ- ਮਨੁੱਖਾਂ ਨੂੰ ਦੇਵਤੇ ਬਣਾ ਦਿੰਦਾ ਹੈ-ਕੇਵਲ ਮਨੁੱਖਾਂ ਨੂੰ ਹੀ ਨਹੀਂ ਸਗੋਂ-

ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ॥

ਅਗਿਆਨ ਦਾ ਅੰਧਕਾਰ ਦੂਰ ਕਰਨ ਲਈ, ਮੋਹ ਮਾਇਆ ਦੇ ਜਾਲ 'ਚੋਂ ਕੱਢਣ ਲਈ, ਦਵੈਤ ਦਾ ਪੜਦਾ ਹਟਾਉਣ ਲਈ ਅਤੇ ਪ੍ਰਭੂ ਨਾਲ ਅਭੇਦ ਕਰਨ ਲਈ ਸਤਿਗੁਰੂ ਪਾਸ ਅਉਖਦ ਹੈ ਹਰੀ ਨਾਮ ਦੀ। ਨਾਮ ਅਮੋਲਕ ਰਤਨ ਹੈ, ਨਾਮ ਹੀ ਸਾਰੇ ਦੁੱਖਾਂ ਦਾ, ਰੋਗਾਂ ਦਾ ਦਾਰੂ ਹੈ। ਨਾਮ ਸ਼ਬਦ ਦਾ ਹੀ ਸਾਰਾ ਪਸਾਰਾ ਹੈ। ਸਤਿਗੁਰੂ, ਜਿਸਦੇ ਹਿਰਦੇ ਵਿੱਚ ਨਾਮ ਹੈ, ਜਿਸਦੀ ਦੇਹ ਸ਼ਬਦ ਦੀ ਹੁੰਦੀ ਹੈ-

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ ਅਨਿਕ ਬਾਰ ਗੁਰ ਕਉ ਬਲਿ ਜਾਉ॥

ਸਤਿਗੁਰੂ ਰਾਮ ਸਿੰਘ ਜੀ ਨੇ ਵੀ ਹੁਕਮ ਕੀਤਾ ਕਿ ਤੁਹਾਨੂੰ ਜੋ ਨਾਮ ਦਿੱਤਾ ਹੈ, ਮੈਂ ਆਪਣਾ ਹਿਰਦਾ ਕੱਢ ਕੇ ਦਿੱਤਾ ਹੈ। ਅਮੋਲਕ ਰਤਨ 'ਨਾਮ' ਸਤਿਗੁਰੂ ਤੋਂ ਬਿਨਾਂ ਪ੍ਰਾਪਤ ਵੀ ਨਹੀਂ ਹੁੰਦਾ-

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥
ਸਤਿਗੁਰ ਸੇਵੈ ਲਗਿਆ ਕਢਿ ਰਤਨ ਦੇਵੈ ਪਰਗਾਸਿ॥

ਉਹ ਸਤਿਗੁਰੂ ਜੋ ਸੱਚ ਪਰਮੇਸ਼ਰ ਨੂੰ ਧਿਆਉਂਦਾ ਹੈ, ਜਿਸਨੇ ਪੰਜੇ ਦੂਤ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਸਭ ਵਿਸ਼ੇ-ਵਿਕਾਰ ਵੱਸ ਕੀਤੇ ਹੋਏ ਹਨ। ਸਾਹਿਬ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ-

ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥

ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ-

ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥

ਜਿਸਦੀ ਕੰਡ ਤੇ ਪੂਰੇ ਸਤਿਗੁਰੂ ਦਾ ਥਾਪੜਾ ਹੋਵੇ, ਉਹ ਪੁਰਸ਼ ਅਜੇਹਾ ਸੂਰਮਾ ਬਣ ਜਾਂਦਾ ਹੈ ਕਿ ਪੰਜਾਂ ਦੂਤਾਂ ਨੂੰ ਵੱਸ ਕਰ ਲੈਂਦਾ ਹੈ-

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥

ਚੁਰਾਸੀ ਲੱਖ ਜੂਨ ਵਿੱਚੋਂ ਸ੍ਰੇਸ਼ਟ ਮਨੁੱਖਾ ਜਨਮ ਦਾ ਮਨੋਰਥ ਹੈ-

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ॥

ਗੋਬਿੰਦ ਨੂੰ, ਪ੍ਰਭੂ ਨੂੰ ਮਿਲਣ ਦਾ ਮਾਰਗ ਉਹੀ ਦੱਸ ਸਕਦਾ ਹੈ ਜੋ ਆਪ 'ਪਰਤਖਿ ਹਰਿ ਮੂਰਤਿ' ਹੈ। ਉਸਦੇ ਦੁਆਰਾ ਹੀ ਜੀਵਨ ਦਾ ਅਸਲ ਮਨੋਰਥ ਪੂਰਾ ਹੋ ਸਕਦਾ ਹੈ। ਗੁਰੂ ਪੰਚਮ ਪਾਤਸ਼ਾਹ ਦਾ ਫੁਰਮਾਣ ਹੈ-

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥
ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥

ਉਸ ਸਤਿਗੁਰੂ ਨੂੰ ਧੰਨ ਕਿਹਾ ਗਿਆ ਹੈ ਜੋ ਭਰਮ ਦਾ ਕਿਲਾ ਤੋੜ ਕੇ, ਹਰੀ ਨਾਲ ਜੋੜਦਾ ਹੈ -


ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥


ਗੁਰਬਾਣੀ ਵਿਚ ਬਹੁਤ ਜਗ੍ਹਾ ਸਤਿਗੁਰੂ ਦੀ ਤਾਰੀਫ 'ਸਤਿਗੁਰ-ਪੁਰਖ' ਵਜੋਂ ਕੀਤੀ ਗਈ ਹੈ। ਭਾਵ ਕਿ ਸਤਿਗੁਰੂ ਦੇਹਧਾਰੀ ਹੁੰਦਾ ਹੈ। ਇਸ ਭਾਵ ਨੂੰ ਚੌਥੇ ਪਾਤਸ਼ਾਹ ਗੁਰੂ ਰਾਮ ਦਾਸ ਜੀ ਰਾਗ ਮਲਾਰ ਦੇ ਇਕ ਸ਼ਬਦ ਵਿੱਚ ਸਪਸ਼ਟ ਕਰਦੇ ਹਨ ਕਿ ਹਰੀ ਦੀ ਸੇਵਾ, ਸਤਿਗੁਰੂ ਦੀ ਪੂਜਾ ਹੈ। ਉਹ ਅਗਿਆਨੀ ਹਨ ਜੋ ਨਿਰਜੀਵ ਦੀ ਪੂਜਾ ਕਰਦੇ ਹਨ, ਮੜ੍ਹੀਆਂ ਮਸਾਣਾਂ ਦੀ ਸੇਵਾ ਕਰਦੇ ਹਨ, ਉਹਨਾਂ ਦੀ ਘਾਲ ਘਾਲੀ ਸਭ ਬੇਅਰਥ ਜਾਂਦੀ ਹੈ। ਸਤਿਗੁਰੂ ਤਾਂ ਉਹ ਹੈ ਜੋ ਬ੍ਰਹਮ ਦਾ ਗਿਆਤਾ ਹੈ, ਜੋ ਹਰੀ ਦੀ ਕਥਾ ਸੁਣਾਉਂਦਾ ਹੈ। ਉਸ ਸਤਿਗੁਰੂ ਨੂੰ ਜੋ ਸਿੱਖ ਪ੍ਰੇਮ ਨਾਲ ਭੋਜਨ ਬਸਤਰ ਆਦਿ ਪਦਾਰਥ ਭੇਟ ਕਰਦੇ ਹਨ, ਉਨ੍ਹਾਂ ਦੇ ਪੁੰਨ ਦੀ ਕਦੇ ਤੋਟ ਨਹੀਂ ਆਉਂਦੀ ਕਿਉਂਕਿ ਸਤਿਗੁਰੂ ਹੀ ਹਰੀ ਦਾ ਪਰਤੱਖ ਰੂਪ ਹੈ ਜੋ ਅੰਮ੍ਰਿਤ ਬਚਨ ਸੁਣਾਉਂਦਾ ਹੈ। ਉਹ ਪੁਰਸ਼ ਵੱਡੇ ਭਾਗਾਂ ਵਾਲੇ ਹਨ, ਜੋ ਗੁਰੂ ਦੁਆਰਾ ਹਰੀ ਦੇ ਚਰਨਾਂ ਨਾਲ ਬਿਰਤੀ ਜੋੜਦੇ ਹਨ-

ਹਰਿ ਕੀ ਸੇਵਾ ਸਤਿਗੁਰ ਪੂਜਹੁ ਕਰਿ ਕਿਰਪਾ ਆਪਿ ਤਰਾਵੈ॥
ਭਰਮਿ ਭੁਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥
ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ
ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥
ਨਾਨਕ ਭਾਗ ਭਲੇ ਤਿਸ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ॥

**-ਸੇਵਕ ਹਰਪਾਲ ਸਿੰਘ**

# ਹਸਤ-ਲਿਖਤ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ






ਸਾਧ ਸੰਗਤ ਜੀ
ਈਰਖਾ ਲੜਾਈ ਝਗੜੇ
ਦਾ ਸਮਾ ਹੈ ਤੁਸੀ ਤਕੜੇ
ਹੋ ਕੇ ਭਜਨ ਬਾਣੀ ਕਰੋ
ਈਰਖਾ ਤੋਂ ਅਗ ਤੋਂ
ਧੀਰਜ ਨਾਲ ਬਚੋਂ
ਜੀ ਪ੍ਰਤੀ
੧ ੧ ਘੰਟਾ ਨਾਮ
੧ ੧ ਪਾਠ ੧ ਮਹੀਨੇ
ਦਾ ੧ ਘਰ ਪ੍ਰਤੀ
ਜਰੂਰ ਕਰਿਆ ਕਰੋ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ
ਨਾਮਧਾਰੀ ਦੀ
ਤਾਰੀਫ ਦਸੀ ਸੀ ਕਿ
ਜੇਹੜਾ ਮੈਨੂੰ ਮੰਨਦਾ ਹੈ
ਓਹ ਨਹੀਂ ਜੇਹੜਾ ਮੇਰਾ
ਹੁਕਮ ਮੰਨਦਾ ਹੈ ਓਹ
ਨਾਮਧਾਰੀ ਹੈ


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਮੈ ਬਾਰ ਬਾਰ ਲਿਖਦਾ ਹਾ ਸੰਗਤ ਕੀ ਓਰ ਜੋ ਬਡੇ ਝਲ੍ਹਾਗੇ ਨਾਵਣਾ।
ਸੋ ਗੁਰੂ ਸਾਹਿਬ ਦਾ ਹੁਕਮ ਹੈ ਜੋ ਸਵਾ ਪਹਿਰ ਰਾਤ ਰਹਿੰਦੀ ਕੇ ਸਾਥ
ਇਸਨਾਨ ਕਰੇ ਸਮੈਤ ਕੇਸੀ, ਗੁਰਬਾਣੀ ਦਾ ਤੇ ਨਾਮ ਦਾ ਉਚਾਰ ਕਰੇ
ਉਸਕੋ ਮੋਤੀ ਦਾਨ ਦਾ ਪੁਨ ਹੁੰਦਾ ਹੈ, ਫੇਰ ਸੁਵਰਨ ਦਾ, ਫੇਰ ਰੁਪੇ ਦਾ,
ਫੇਰ ਤਾਬੇ ਦਾ, ਫੇਰ ਅੰਨ ਦਾ, ਫੇਰ ਦੁਧ ਦਾ, ਫੇਰ ਜਲ ਦਾ।
ਫੇਰ ਦਿਨ ਚੜੇ ਪੁਨ ਕੁਛ ਨਹੀ, ਪਿੰਡਾ ਧੋ ਲੈਣਾ ਹੈ।
ਸੋ ਜੀ ਏਹੁ ਮਹਾਤਮੁ ਦਸਮੇ ਪਾਤਸਾਹ ਨੇ ਮੁਖਾਰਬਿੰਦ ਤੇ ਉਚਾਰ ਆਪ ਕੀਤਾ ਹੈ।
ਸੋ ਜਿਤਨਾ ਬਣ ਆਵੇ ਉਤਨੀ ਰਾਤ ਤੇ ਕਰਨਾ ਜਰੂਰ।

**(ਹੁਕਮਨਾਮਾ ੩)**

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਗੁਰੂ ਦੇ ਸੇਵਕ

ਗੁਰੂ ਦੇ ਸੇਵਕ ਜਿਹੜੇ ਨੇ, ਉਨ੍ਹਾਂ ਦੀ ਤੇ ਕਿਆ ਬਾਤ ਹੈ। ਸੇਵਕ ਦੀ ਜਿਹੜੀ ਤਾਰੀਫ ਗੁਰਬਾਣੀ ਵਿੱਚ ਲਿਖੀ ਹੈ, ਜੇ ਉਹ ਬਣ ਜਾਈਏ ਤਾਂ ਫੇਰ ਸਾਨੂੰ ਕਿਸੇ ਗੱਲ ਦਾ ਘਾਟਾ ਨਹੀਂ ਹੁੰਦਾ। ਗੁਰੂ ਅਰਜਨ ਸੱਚੇ ਪਾਤਸ਼ਾਹ ਨੇ ਲਿਖਿਆ ਹੈ-

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥

ਆਗਿਆ ਮੰਨੇ ਅਤੇ ਮਨ ਵਿੱਚ ਸਹੇ ਉਸਨੂੰ-

ਆਪਸ ਕਉ ਕਰਿ ਕਛੁ ਨ ਜਨਾਵੈ॥

ਇਹ ਨਾ ਆਖੇ ਕਿ ਮੈਂ ਏਨਾ ਭਜਨ ਕੀਤਾ ਹੈ, ਏਨੀ ਬਾਣੀ ਪੜ੍ਹੀ ਹੈ, ਮੈਂ ਸੋਧ ਰੱਖੀ ਹੈ। ਜੇ ਬਚਨ ਨਹੀਂ ਮੰਨਣਾ, ਉਹਦੀ ਸੋਧ ਰੱਖੀ, ਬਾਣੀ ਪੜ੍ਹੀ, ਸੇਵਾ ਕੀਤੀ ਕਿਸੇ ਅਰਥ ਨਹੀਂ ਆਉਂਦੀ। ਸੇਵਾ ਵਾਸਤੇ ਵੀ ਲਿਖਿਆ ਹੈ-

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥

ਦੂਸਰੀ ਸੇਵਾ ਦਾ ਕੋਈ ਲਾਭ ਨਹੀਂ। ਤਹਾਨੂੰ ਪਤਾ ਹੈ, ਪਾਕਿਸਤਾਨ ਬਣਿਆਂ, ਸਤਿਗੁਰਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਨੇ ਹੁਕਮ ਕੀਤਾ ਕਿ ਸਾਰੇ ਏਧਰੋਂ ਨਿਕਲ ਆਓ, ਕਈ ਸੋਧੀ, ਬਾਣੀ ਪੜ੍ਹਨ ਵਾਲੇ, ਭਜਨ ਕਰਨ ਵਾਲੇ, ਉਥੇ ਮਲੇਸ਼ਾਂ ਦੇ ਹੱਥੋਂ ਮਰੇ, ਜਿਨ੍ਹਾਂ ਬਚਨ ਨਹੀਂ ਮੰਨਿਆ ਸਤਿਗੁਰਾਂ ਦਾ।

ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥

ਸਰੀਰ ਦੇਣਾ ਬੜਾ ਔਖਾ ਹੈ, ਪਰ ਮਨ ਦੇਣਾ ਇਸ ਤੋਂ ਵੀ ਜ਼ਿਆਦਾ ਔਖਾ ਹੈ।

ਤਿਸੁ ਸੇਵਕ ਕੇ ਕਾਰਜ ਰਾਸਿ॥ ਸੇਵਾ ਕਰਤ ਹੋਇ ਨਿਹਕਾਮੀ॥

ਸੇਵਾ ਕਰੇ ਤੇ ਕਾਮਨਾ ਨਾ ਕਰੇ।

ਤਿਸੁ ਕਉ ਹੋਤ ਪਰਾਪਤਿ ਸੁਆਮੀ॥

ਉਸਨੂੰ ਸੁਆਮੀ ਦੀ ਪਰਾਪਤੀ ਹੁੰਦੀ ਹੈ, ਜਿਹੜਾ ਇੱਛਾ ਨਾ ਰੱਖੇ। ਇਹ ਇੱਛਾ ਮਰ ਜਾਵੇ ਤਾਂ ਇਹਦੇ ਵਾਸਤੇ ਤਰੀਕਾ ਲਿਖਿਆ ਹੈ-

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥ ਪ੍ਰਭ ਕੈ ਸਿਮਰਨਿ ਸਭ ਕਿਛੁ ਸੁਝੈ॥

ਇਹ ਸਿਮਰਨ ਕੀਤਾ ਜਾਵੇ ਤਾਂ ਇਸਦਾ ਇਲਾਜ ਹੋ ਸਕਦਾ ਹੈ।

# ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ


8 ਜੂਨ 2018 **ਆਸਾ ਦੀ ਵਾਰ ਅਤੇ ਅਨੰਦ ਕਾਰਜ ਉਪਰੰਤ** ਨਾਮਧਾਰੀ ਧਰਮਸ਼ਾਲਾ- ਹਿਸਾਰ

ਅੱਜ ਇਸ ਅਨੰਦ ਕਾਰਜ ਤੇ ਇਕੱਠੇ ਹੋਏ ਹਾਂ। ਸੱਚੇ ਪਾਤਸ਼ਾਹ ਕਿਰਪਾ ਕਰਨ, ਬੱਚਿਆਂ ਨੂੰ ਖੁਸ਼ੀਆਂ ਬਖਸ਼ਣ। ਮੈਂ ਸਿਰਫ਼ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪਣਾ ਨਾਮਧਾਰੀਆਂ ਦਾ ਕਿਰਦਾਰ ਕੀ ਹੈ? ਜੋ ਆਪਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਰਹਿੰਦਿਆਂ ਹੋਇਆਂ ਸਿੱਖਿਆ ਹੈ ਕਿ ਆਪਾਂ ਘੱਟ ਤੋਂ ਘੱਟ ਤੁਸੀਂ ਸਾਰੇ, ਮੈਂ ਖਾਸ ਕਰਕੇ ਹਿਸਾਰ ਵਾਲੀ ਸੰਗਤ ਨੂੰ ਅਤੇ ਬਾਕੀ ਵੀ, ਜੋ ਤੁਸੀਂ ਇਥੇ ਆਏ ਹੋ, ਮੈਂ ਅਰਜ਼ ਕਰਦਾ ਹਾਂ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਸਾਰਿਆਂ ਦਾ ਹੋਇਆ ਹੋਵੇ। ਕੋਈ ਇਹੋ ਜਿਹਾ ਨਾ ਹੋਵੇ ਜਿਹੜਾ ਸੂਰਜ ਚੜ੍ਹਨ ਤੋਂ ਪਹਿਲਾਂ ਉੱਠਿਆ ਨਾ ਹੋਵੇ। ਜਿੰਨ੍ਹਾਂ ਨੇ ਤੁਸੀਂ ਨੇੜਿਓਂ ਹੋਕੇ ਦਰਸ਼ਨ ਕੀਤੇ ਹਨ, ਸਤਿਗੁਰੂ ਸੱਚੇ ਪਾਤਸ਼ਾਹ ਜੀ ਇਸ ਗੱਲ ਤੋਂ ਬੜੇ ਗੁੱਸੇ ਹੁੰਦੇ ਸੀ, ਸੂਰਜ ਚੜ੍ਹਨ ਵੇਲੇ ਜਿਹੜਾ ਸੁੱਤਾ ਹੋਵੇ। ਆਪਣਾ ਇਕ ਰੁਟੀਨ ਬਦਲ ਲਈਏ, ਦੁਨੀਆਂ ਦੇ ਮਗਰ ਲੱਗ ਕੇ ਰਾਤ ਨੂੰ ਅਸੀਂ ਜਲਦੀ ਸੌਂਦੇ ਨਹੀਂ। ਸਵੇਰੇ ਅੱਠ ਨੌਂ ਵਜੇ ਤੱਕ ਸੁੱਤੇ ਰਹਿੰਦੇ ਹਾਂ। ਅੱਜ ਵੀ ਮੈਂ ਅਰਜ਼ ਕਰਾਂ ਕਿ ਜਦੋਂ ਮੈਂ ਚਾਰ, ਸਵਾ-ਚਾਰ ਵਜੇ ਮੈਂ ਇਥੇ ਆਇਆ ਤਾਂ ਬਲਵੰਤ ਹੁਰੀਂ ਤਾਂ ਬੈਠੇ ਸੀ ਬਾਕੀ ਸੰਗਤ ਕੋਈ ਨਹੀਂ ਸੀ। ਹਿਸਾਰ ਵਾਲੇ ਵੀ ਨਹੀਂ ਸੀ ਤੇ ਜੋ ਆਪਾਂ ਨੂੰ ਪੂਰਨੇ ਪਾਏ ਨੇ ਸੱਚੇ ਪਾਤਸ਼ਾਹ ਨੇ ਉਨ੍ਹਾਂ ਦੇ ਮੁਤਾਬਿਕ ਨਾਮਧਾਰੀਆਂ ਵਾਸਤੇ ਚਾਰ ਵਜੇ ਵੀ ਲੇਟ ਹੀ ਹੁੰਦਾ ਹੈ। ਇਸ ਕਰਕੇ ਤਗੜੇ ਹੋਈਏ ਰਾਤ ਨੂੰ ਜਲਦੀ ਸੌਇਆਂ ਕਰੋ। ਸਵੇਰੇ ਜਰੂਰ ਉੱਠਿਆ ਕਰੋ। ਉੱਠ ਕੇ ਨਾਮ ਸਿਮਰਨ ਕਰਿਆ ਕਰੋ। ਇਹ ਚੀਜ਼ ਏ ਜਿਹੜੀ ਆਪਣੇ ਨਾਲ ਜਾਣੀ ਏ। ਜਿੰਨੀ ਤੁਸੀਂ ਗੁਰਬਾਣੀ ਸੁਣੀ ਏ, ਸ਼ਬਦ ਸੁਣੇ ਨੇ, ਆਪਾਂ ਨੂੰ ਇਹੋ ਚੀਜ਼ ਦ੍ਰਿੜਾਉਂਦੇ ਨੇ ਕਿ "ਨਾਮ" ਹੀ ਆਪਣੇ ਨਾਲ ਜਾਣਾ ਹੈ। ਜੇ ਆਪਾਂ ਗੁਰਬਾਣੀ ਨੂੰ ਮੱਥਾ ਟੇਕਦੇ ਹਾਂ। ਜਿੰਨ੍ਹਾਂ ਸਤਿਗੁਰੂ ਜੀ ਨੂੰ ਅਸੀਂ ਮੱਥਾ ਟੇਕਦੇ ਹਾਂ, ਜੇ ਅਸੀਂ ਉਨ੍ਹਾਂ ਦਾ ਹੁਕਮ ਨਾ ਮੰਨੀਏ ਤਾਂ ਇਸ ਗੱਲ ਦਾ ਸਵਾਦ ਨਹੀਂ ਆਉਂਦਾ, ਨਿਰਾ-ਪੁਰਾ ਮੱਥਾ ਟੇਕਣ ਨਾਲ ਹੀ ਗੱਲ ਨਹੀਂ ਬਣਦੀ। ਆਪਾਂ ਹੁਕਮ ਮੰਨੀਏ। ਇਹ ਨੌਜੁਆਨ, ਗੁਰਮੀਤ ਸਿੰਘ ਨੇ ਇਕੱਠੇ ਕੀਤੇ ਨੇ ਪਹਿਲਾਂ ਤੁਸੀਂ ਅੱਗੇ ਲੱਗੋ। ਤੁਸੀਂ ਆਪ ਅੰਮ੍ਰਿਤ ਵੇਲੇ ਉੱਠਣ ਲੱਗੋ, ਤੁਸੀਂ ਦੂਸਰਿਆਂ ਲਈ ਇਕ ਉਦਾਹਰਨ ਬਣੋ, ਬਾਕੀ ਸੰਗਤ ਨੂੰ ਇਥੇ ਇਕੱਠੇ ਕਰਨ ਲੱਗੋ। ਬੜੀ ਵਧੀਆ ਇਹ ਗੱਲ ਗੁਰਮੀਤ ਨੇ ਕੀਤੀ ਏ ਕਿ ਤੁਸੀਂ ਹਫ਼ਤੇ ਵਿਚ ਘੱਟੋ ਘੱਟ ਇਕ ਵਾਰੀ ਇਕੱਠੇ ਹੋਵੋ। ਜਦੋਂ ਹਫ਼ਤੇ ਵਿਚ ਇਕੱਠੇ ਹੋਵੋ ਉਦੋਂ ਘੱਟ ਤੋਂ ਘੱਟ ਇਹ ਬਹਾਨਾ ਹੋ ਜਾਵੇ ਕਿ ਲੰਗਰ ਪਾਣੀ ਨਾ ਹੋਵੇ। ਮੈਂ ਅਰਜ਼ ਬੇਨਤੀ ਕਰਾਂ ਕਿ ਸਵੇਰੇ ਆਸਾ ਦੀ ਵਾਰ ਦਾ ਰੱਖੋ ਭਾਵੇਂ ਕੋਈ ਆ ਜਾਇਆ ਕਰੇ, ਆ ਕੇ ਵਾਰ ਲਾ ਜਾਇਆ ਕਰੇ ਭਾਵੇਂ ਇਥੇ ਨਹੀਂ ਕੋਈ ਲਾਉਣ ਵਾਲਾ ਸਰਸਿਓਂ ਮੁੰਡੇ ਆ ਜਾਇਆ ਕਰਨਗੇ, ਕੋਈ ਮੁਸ਼ਕਿਲ ਨਹੀਂ। ਉਨ੍ਹਾਂ ਦੇ ਆਉਣ ਨਾਲ ਇਥੇ ਰੌਣਕ ਹੋ ਜਾਇਆ ਕਰੇਗੀ। ਐਤਵਾਰ ਰੋਜ ਆਸਾ ਦੀ ਵਾਰ ਲੱਗ ਜਾਇਆ ਕਰੇ। ਸੂਬਾ ਜੀ ਬੈਠੇ ਨੇ ਕਿਰਪਾ ਕਰਨ ਇਥੇ ਲੰਗਰ ਹੋ ਜਾਇਆ ਕਰੇ ਐਤਵਾਰ। ਇਸ ਬਹਾਨੇ ਨਾਲ ਆਪਾਂ ਘੱਟੋ ਘੱਟ ਹਫ਼ਤੇ ਵਿਚ ਇਕ ਦਿਨ ਇਕੱਠੇ ਹੋਣ ਲੱਗ ਜਾਈਏ, ਨਾਮ ਸਿਮਰਨ ਹੋਣ ਲੱਗ ਜਾਵੇ, ਫਿਰ ਜੀ ਤੇ ਕਰਦੈ ਕਿ ਇਥੇ ਰੋਜ ਆਸਾ ਦੀ ਵਾਰ ਲੱਗੇ, ਪਰ ਆਪਾਂ ਪਹਿਲਾਂ ਇਕ ਕਦਮ ਸ਼ੁਰੂ ਕਰੀਏ। ਫਿਰ ਆਪਾਂ ਅੱਗੇ ਹੌਲੀ-ਹੌਲੀ ਦੂਜਾ ਕਦਮ ਸ਼ੁਰੂ ਕਰ ਲਵਾਂਗੇ, ਜਦੋਂ ਆਪਾਂ ਆਪਣੇ ਧਰਮ ਤੋਂ ਭੁੱਲ ਜਾਂਦੇ ਹਾਂ, ਆਪਾਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਹੁਕਮ ਤੋਂ ਭੁੱਲ ਜਾਦੇ ਹਾਂ, ਆਪਾਂ ਦੁਨੀਆਂ ਵਿਚ ਮਾਇਆ ਵਿਚ ਖੁੱਭ ਜਾਂਦੇ ਹਾਂ, ਤਾਂ ਫਿਰ ਚਿੰਤਾ ਤੇ ਦੁੱਖ ਸਾਨੂੰ ਨਾਲ ਹੀ ਆ ਜਾਂਦੇ ਹਨ। ਉਹ ਦੂਰ ਨਹੀਂ ਹੁੰਦੇ, ਉਹ ਮਾਇਆ ਦੇ ਨਾਲ ਹੀ ਜਦੋਂ ਅਸੀਂ ਧਰਮ ਨੂੰ ਭੁੱਲਦੇ ਹਾਂ ਸਾਨੂੰ ਚਿੰਤਾ ਤੇ ਦੁੱਖ ਘੇਰ ਲੈਂਦੇ ਨੇ। ਜੇ ਅਸੀਂ ਚਿੰਤਾ ਤੋਂ ਬਚਣਾ, ਦੁੱਖਾਂ ਤੋਂ ਬਚਣਾ ਹੈ ਅਸੀਂ ਉਹ ਹੁਕਮ ਨਾਲ ਜੁੜੀਏ। ਮੇਰਾ ਖਿਆਲ ਹੈ ਇਥੇ ਆ ਕੇ ਕੁਛ ਦਿਨ ਗੁਰਬਾਣੀ ਵੀ ਸ਼ਾਇਦ ਸਿਖਾਉਂਦੇ ਰਹੇ ਨੇ, ਸ਼ੁਰੂ ਕੀਤੀ। ਆਪਾਂ ਆਪਣੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜੀਏ ਪਹਿਲਾਂ ਆਪਾਂ ਗੁਰਬਾਣੀ ਦਾ ਪਾਠ ਕਰਨ ਲੱਗੀਏ। ਫਿਰ ਆਪਾਂ ਗੁਰਬਾਣੀ ਦਾ ਭਾਵ ਸਮਝਣ ਲੱਗੀਏ ਤੇ ਫਿਰ ਅਸੀਂ ਗੁਰਬਾਣੀ ਦਾ ਭਾਵ ਸਮਝ ਕੇ ਆਪਣੀ ਜਿੰਦਗੀ ਵਿਚ, ਅਮਲ ਵਿੱਚ ਲਿਆਈਏ। ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿਚ ਰਿਕਾਰਡ ਹੋਇਆ ਹੈ ਕਿ ਕੋਈ ਕਾਮਰੇਡ ਸੀ ਉਹ ਰੋਜ ਇਹ ਪੜ੍ਹਦਾ ਸੀ ਕਿ ਮੇਰੀ ਜਿਹੜੀ ਕਿਤਾਬ ਏ, ਮੈਂ ਓਦੇ ਤੇ ਕਿੰਨਾ ਕੁ ਅਮਲ ਕੀਤਾ ਹੈ ਤੇ ਸਾਡੇ ਵਾਸਤੇ ਇਹ ਕਿ ਅਸੀਂ ਗੁਰਬਾਣੀ ਤੇ ਕਿੰਨਾ ਅਮਲ ਕਰਦੇ ਹਾਂ, ਸਾਡੀ ਜਿੰਦਗੀ ਵਿਚ ਕਿੰਨੇ ਅਮਲ ਹੋਏ ਨੇ ਆਪਾਂ ਵੀ ਉਸ ਗੱਲ ਤੇ ਚੱਲੀਏ। ਪਰ ਸਾਨੂੰ ਉਸ ਚੀਜ ਦੀ ਪਹਿਲਾਂ ਸਮਝ ਆਉਣ ਲੱਗੇ, ਫਿਰ ਹੀ ਅਸੀਂ ਉਸ ਤੇ ਤੁਰਾਂਗੇ, ਅਸੀਂ ਬਹੁਤ ਦੂਰ ਜਾਈ ਜਾਂਦੇ ਹਾਂ। ਤੁਸੀਂ ਹਿੰਮਤ ਕਰੋ, ਅੰਮ੍ਰਿਤ ਵੇਲੇ ਉੱਠੋ, ਅੰਮ੍ਰਿਤ ਵੇਲੇ ਉੱਠੋ, ਇੱਕ ਘੰਟਾ ਨਾਮ ਸਿਮਰਨ ਕਰਕੇ, ਬੱਚਿਆਂ ਨੂੰ ਵੀ ਜਰੂਰ ਉਠਾਓ। ਜਿਹੜੀਆਂ ਲੀਕਾਂ ਬਚਪਨ ਵਿੱਚ ਪੈ ਜਾਣਗੀਆਂ, ਜੇ ਬੱਚਿਆਂ ਨੂੰ ਆਦਤ ਪੈ ਜਾਏਗੀ ਕਿ ਅਸੀਂ ਅੰਮ੍ਰਿਤ ਵੇਲੇ ਉਠਣੈ ਅਸੀਂ ਸਕੂਲ ਅਰਦਾਸ ਕਰਨ ਤੋਂ ਬਿਨਾਂ ਨਹੀਂ ਜਾਣਾ। ਅਸੀਂ ਨਾਮ ਸਿਮਰਨ ਕਰਨ ਤੋਂ ਬਿਨਾਂ ਸਕੂਲ ਨਹੀਂ ਜਾਣਾ। ਹੁਣ ਜਿਹੜੀਆਂ ਲੀਕਾਂ ਪੈ ਜਾਣਗੀਆਂ ਉਹ ਪੱਕ ਜਾਣਗੀਆਂ। ਇਹ ਆਪਣਾ ਮੇਲਾ ਜਿਹੜੇ ਗੁਰਦੁਆਰੇ ਨੇ। ਇਹ ਤਾਂ ਹੀ ਸੁਹਣੇ ਲੱਗਦੇ ਨੇ ਜੇ ਇਥੇ ਨਾਮ ਸਿਮਰਨ ਹੋਵੇ। ਜੇ ਨਾਮ ਸਿਮਰਨ ਨਾ ਹੋਵੇ ਤਾਂ ਗੁਰਦੁਆਰਿਆਂ ਦਾ ਕੋਈ ਮਹੱਤਵ ਨਹੀਂ ਫਿਰ ਇਹ ਗੁਰਦੁਆਰੇ ਬਿਲਡਿੰਗਾਂ ਨੇ, ਜਾਂ ਏਥੇ ਕਿ ਮੱਥਾ ਟੇਕ ਕੇ ਚਲੇ ਗਏ। ਉਸ ਚੀਜ ਦਾ ਮਹੱਤਵ ਨਹੀਂ। ਇਹ ਥਾਂ ਦੀ ਸੋਭਾ ਤਾਂ ਹੈ ਜੇ ਨਾਮ ਜਪਿਆ ਜਾਂਦਾ ਹੈ। ਇਥੇ ਆਪਾਂ ਇਕੱਠੇ ਹੋਇਆ ਕਰੀਏ ਨਾਮ ਜਪਿਆ ਕਰੀਏ ਕਿਰਪਾ ਸੱਚੇ ਪਾਤਸ਼ਾਹ ਜੀ ਨੇ ਕਰਨੀ ਏ, ਪਰ ਆਪਾਂ ਉਸ ਪਾਸੇ ਚੱਲੀਏ, ਹਿੰਮਤ ਕਰੀਏ, ਮੈਂ ਅਗੇ ਵੀ ਅਰਜ਼ ਕੀਤੀ ਹੈ, ਇਹ ਅਨੰਦ ਕਾਰਜ਼ ਤਾਂ ਹੀ ਉੱਚਾ ਹੈ,, ਇਸ ਪਵਿਤਰ ਰਸਮ ਤੋਂ ਬਾਦ ਕੋਈ ਪਾਰਟੀ, ਕੋਈ ਰਸਮ ਨਾ ਕਰੋ, ਆਪਣੇ ਅਨੰਦ ਕਾਰਜ ਆਪਾਂ ਸਾਦੇ ਰੱਖੀਏ। ਜੋ ਸਾਨੂੰ ਰਸਮ ਕਿਰਪਾ ਕੀਤੀ ਏ ਸੱਚੇ ਪਾਤਸ਼ਾਹ ਨੇ ਅਸੀਂ ਉਹੀ ਰਸਮ ਰੱਖੀਏ ਓਸਤੋਂ ਵੱਧ ਘੱਟ ਨਾ ਕਰੀਏ। ਮੈਂ ਇੰਨੀ ਅਰਜ਼ ਕਰ ਕੇ ਆਗਿਆ ਲੈਂਦਾ। ਮੈਂ ਸਾਰੀ ਸੰਗਤ ਦਾ ਧੰਨਵਾਦ ਕਰਦਾ ਹਾਂ।

ਸਤਿ ਸ੍ਰੀ ਅਕਾਲ

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

✍-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਇਹ ਚੰਡੀ ਦੀ ਵਾਰ ਤੇ ਕੀਰਤਨ ਦਾ ਸਿਲਸਿਲਾ ਤਕਰੀਬਨ ਇੱਕ ਮਹੀਨਾ ਰਿਹਾ ਸੀ। ਉਨ੍ਹਾਂ ਵਿੱਚੋਂ ਜੋ ਸਰੀਰ ਕੀਰਤਨ ਦਾ ਸਾਥ ਦਿੰਦੇ, ਉਹ ਇਸ ਪ੍ਰਕਾਰ ਹਨ: ਸੇਠ ਨਰੈਣ ਸਿੰਘ 'ਬੀਰ', ਸੇਠ ਗੁਰਬਖਸ਼ ਸਿੰਘ 'ਪ੍ਰੀਤਮ', ਸੰਤ ਕਿਰਪਾਲ ਸਿੰਘ ਮਨਚੰਦਾ, ਸੰਤ ਦਿਆਲ ਸਿੰਘ ਮਨਚੰਦਾ, ਸੰਤ ਕਰਤਾਰ ਸਿੰਘ ਚਾਵਲਾ, ਲਾਭ ਸਿੰਘ ਸੇਠੀ, ਪਿਆਰਾ ਸਿੰਘ ਕੁਕਰੇਜਾ, ਸੰਤ ਨਿਹਾਲ ਸਿੰਘ ਚਾਵਲਾ, ਸੰਤ ਨਿਹਾਲ ਸਿੰਘ ਗੋਰੋਵਾੜਾ, ਜਗਜੀਤ ਸਿੰਘ, ਦਰਸ਼ਨ ਸਿੰਘ ਗੋਰੋਵਾੜਾ, ਸੰਤ ਤਖ਼ਤ ਸਿੰਘ, ਜੋਗਿੰਦਰ ਸਿੰਘ ਮਦਾਨ, ਸੇਠ ਤਰਲੋਕ ਸਿੰਘ, ਸੇਠ ਅਤਰ ਸਿੰਘ, ਨਰੈਣ ਸਿੰਘ ਸੇਠੀ, ਇਕਬਾਲ ਸਿੰਘ ਮਨਚੰਦਾ ਤੇ ਸ਼ਾਇਦ ਇੱਕ-ਦੋ ਸਰੀਰ ਹੋਰ ਵੀ ਹੁੰਦੇ ਸਨ ਜੋ ਇਸ ਵੇਲੇ ਨਾਮ ਯਾਦ ਨਹੀਂ ਆ ਰਹੇ। ਕੀਰਤਨ ਕਰਨ ਵਾਲਿਆਂ ਤੋਂ ਬਿਨਾਂ ਜੋ ਸਰੀਰ ਸੰਗਤ ਵਿੱਚ ਆ ਕੇ ਦਰਸ਼ਨ ਦਿੰਦੇ ਸਨ, ਉਨ੍ਹਾਂ ਦੇ ਨਾਮ ਵੀ ਇਸ ਪ੍ਰਕਾਰ ਹਨ: ਸੰਤ ਫੂਲਾ ਸਿੰਘ ਜੀ, ਸੰਤ ਈਸ਼ਰ ਸਿੰਘ ਮਨਚੰਦਾ, ਸੰਤ ਸੁੰਦਰ ਸਿੰਘ ਚਾਵਲਾ, ਸੰਤ ਸਿੰਘ ਜੀ ਮਲਹੋਤਰਾ ('ਦਲੇਰ' ਦੇ ਪਿਤਾ ਜੀ), ਸੰਤ ਭਗਤ ਸਿੰਘ ਸਚਦੇਵਾ, ਸੰਤ ਨਿਹਾਲ ਸਿੰਘ ਰੱਤੀ ਠੱਟ, ਸ. ਮੰਗਲ ਸਿੰਘ, ਬਾਊ ਗੁਰਚਰਨ ਸਿੰਘ, ਸ. ਈਸ਼ਰ ਸਿੰਘ 'ਦਲੇਰ', ਸ. ਕਰਤਾਰ ਸਿੰਘ 'ਬੱਬਰ ਸ਼ੇਰ', ਸੰਤ ਕਰਤਾਰ ਸਿੰਘ ਨਰੂਲਾ, ਸੰਤ ਕਰਤਾਰ ਸਿੰਘ ਜਰਗਰ, ਸ. ਕਰਤਾਰ ਸਿੰਘ, ਸੰਤੋਖ ਸਿੰਘ, ਹਰੀ ਸਿੰਘ ਤੇ ਜੰਗੀਰ ਸਿੰਘ ਪਾਕਵਾਨ (ਚਾਰੇ ਭਰਾ), ਸੰਤ ਹਰਨਾਮ ਸਿੰਘ ਬੋਰਿਆਂ ਵਾਲੇ, ਸੰਤ ਮਹਾਂ ਸਿੰਘ ਚਾਵਲਾ, ਸ. ਭਾਗ ਸਿੰਘ ਚਾਵਲਾ, ਸੁੰਦਰ ਸਿੰਘ ਸੇਵਕ, ਸੰਤ ਖ਼ਜ਼ਾਨ ਸਿੰਘ ਇਨਸਾਫ਼, ਬਾਬਾ ਤਾਰਾ ਸਿੰਘ 'ਗੋਰਖ', ਸ ਜਗਤ ਸਿੰਘ, ਸ. ਭਗਤ ਸਿੰਘ ਚਾਵਲਾ, ਸ. ਤੇਜਾ ਸਿੰਘ, ਸ. ਜਵੰਦ ਸਿੰਘ ਗੁਲਾਟੀ, ਸ. ਹਰਨਾਮ ਸਿੰਘ ਲਾਲਾ ਸਟੋਰ, ਸਵਰਨ ਸਿੰਘ, ਮਹਿੰਦਰ ਸਿੰਘ (ਨਾਏਲਿਕ) ਉਸ ਵੇਲੇ ਧਰਮਸ਼ਾਲਾ ਯਾਵਾਰੱਟ ਵਿਖੇ ਦੀਵਾਨ ਬਹੁਤ ਘੱਟ ਲੱਗਦੇ। ਧਰਮਸ਼ਾਲਾ ਦੀ ਸੇਵਾ ਉਸ ਸਮੇਂ ਭਾਈ ਸਾਧੂ ਸਿੰਘ ਜੀ ਕਰਦੇ ਸਨ।

ਇਨ੍ਹਾਂ ਦਿਨਾਂ ਵਿੱਚ ਸੰਤ ਗੁਰਬਖਸ਼ ਸਿੰਘ 'ਹੰਸ' ਦੀਵਾਨ ਵਿੱਚ ਬਹੁਤ ਘੱਟ ਜਾਂਦਾ ਸੀ ਤੇ ਗੁਰਬਾਣੀ ਵੀ ਬਹੁਤ ਘੱਟ ਯਾਦ ਸੀ ਪਰ ਇਸਦਾ ਮਨ ਖੁੱਲ੍ਹੇ ਗੀਤ ਪੜ੍ਹਨ ਤੇ ਸੁਣਨ ਦਾ ਬਹੁਤ ਸ਼ੌਕ ਰੱਖਦਾ ਸੀ। ਸੰਸਾਰ ਯੁੱਧ ਜ਼ੋਰ ਫੜਦਾ ਜਾ ਰਿਹਾ ਸੀ ਤੇ ਹਰ ਵੇਲੇ ਹਵਾਈ ਬੰਬਾਰੀ ਦਾ ਡਰ ਰਹਿੰਦਾ ਸੀ। ਅਮਰੀਕਾ ਦਾ ਪਾਸਾ ਭਾਰਾ ਸੀ ਤੇ ਜਪਾਨ ਦੀ ਹਾਰ ਹੋ ਰਹੀ ਸੀ। ਅਜ਼ਾਦ ਹਿੰਦ ਫੌਜ ਅਤੇ ਉਸਦੇ ਨੇਤਾ ਸੁਭਾਸ਼ ਚੰਦਰ ਬੋਸ ਦਾ ਹੈਡ-ਕੁਆਟਰ ਵੀ ਬੈਂਕੋਕ ਸੀ। ਮਨ ਵਿੱਚ ਇਹ ਭੈਅ ਸੀ ਕਿ ਜਪਾਨ ਦੀ ਹਾਰ ਤੋਂ ਬਾਅਦ ਭਾਰਤੀਆਂ ਦਾ ਇੱਥੇ ਕੀ ਹਾਲ ਹੋਵੇਗਾ? ਇਨ੍ਹਾਂ ਦਿਨਾਂ ਵਿੱਚ ਬੰਬਾਂ ਦੀ ਮਾਰ ਨਾਲ ਕੇਵਲ ਇੱਕ ਸਿੱਖ ਇਸਦਾ ਸ਼ਿਕਾਰ ਹੋਇਆ ਸੀ। ਇਹ ਹਵਾਈ ਹਮਲਾ ਦਿਨ ਵੇਲੇ ਹੀ ਕੀਤਾ ਗਿਆ ਸੀ। ਫੋਰਟ, ਪਿਤੂਲਿਕ, ਸਿੰਘ ਸਭਾ ਗੁਰਦਵਾਰਾ ਤੇ ਬਿਜਲੀ ਘਰ ਇਸਦੀ ਲਪੇਟ ਵਿੱਚ ਆ ਗਏ ਸਨ। ਇੱਕ ਬੰਬ ਸਿੱਧਾ ਗੁਰੂ ਸਿੰਘ ਸਭਾ ਗੁਰਦਵਾਰੇ ਦੀ ਚੌਥੀ ਛੱਤ ਦੀਆਂ ਪੌੜੀਆਂ 'ਤੇ ਡਿੱਗਾ ਪਰ ਕੁਦਰਤੀ ਬੰਬ ਨਹੀਂ ਫਟਿਆ ਤੇ ਰਿੜ੍ਹਦਾ-ਰਿੜ੍ਹਦਾ ਦੂਜੀ ਛੱਤ 'ਤੇ ਆ ਗਿਆ। ਉਸ ਸਮੇਂ ਗੁਰਦੁਆਰੇ ਹੇਠਾਂ ਪੱਚੀ-ਤੀਹ ਸਰੀਰ ਬੰਬਾਂ ਦੇ ਡਰ ਤੋਂ ਲੁਕ ਕੇ ਬੈਠੇ ਹੋਏ ਸਨ। ਕੁਦਰਤ ਨੇ ਇਨ੍ਹਾਂ ਸਭ ਨੂੰ ਬਚਾ ਲਿਆ ਪਰ ਫੋਰਟ ਵਿਖੇ ਬੰਬ ਡਿੱਗਣ ਨਾਲ ਇੱਕ ਸਿੱਖ ਚੜ੍ਹਾਈ ਕਰ ਗਿਆ ਜਿਸਦਾ ਨਾਮ ਕਪੂਰ ਸਿੰਘ ਦੁਆ ਸੀ। ਇੱਥੇ ਇਹ ਜੰਗ ਦਾ ਹਾਲ ਇਸ ਕਰਕੇ ਲਿਖਿਆ ਗਿਆ ਹੈ ਕਿ ਦੁਨੀਆਂ ਦੀ ਜੰਗ ਕਿੰਨੀ ਖ਼ਤਰਨਾਕ ਹੁੰਦੀ ਹੈ।

ਇੱਕ ਵਾਰੀ ਇੱਕ ਸਿੱਖ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ : "ਭਾਣਾ ਕਦੋਂ ਵਰਤੇਗਾ"। ਸਤਿਗੁਰੂ ਜੀ ਹੁਕਮ ਕੀਤਾ : "ਭਾਣੇ ਦਾ ਨਾਮ ਸੁਣਕੇ ਹੀ ਸਾਡੇ ਸਰੀਰ ਵਿੱਚ ਕੰਬਣੀ ਆ ਜਾਂਦੀ ਹੈ ਤੇ ਭਾਣਾ ਕਿੱਡਾ ਭਿਆਨਕ ਹੋਵੇਗਾ ਜਿਸ ਨਾਲ ਦੁਨੀਆਂ ਬਹੁਤ ਥੋੜ੍ਹੀ ਰਹਿ ਜਾਵੇਗੀ।" ਇਸ ਤਰ੍ਹਾਂ ਜੰਗ ਦੇ ਦਿਨਾਂ ਵਿੱਚ ਵੀ ਸੰਗਤ ਦਾ ਸਮਾਂ ਇਸ ਤਰ੍ਹਾਂ ਬਤੀਤ ਹੋ ਰਿਹਾ ਸੀ। ਆਪਣੇ ਦੇਸ਼ ਤੋਂ ਦੂਰ ਬੈਠੇ, ਨਾ ਕੋਈ ਚਿੱਠੀ ਪੱਤਰ, ਆਵਾਜਾਈ ਬੰਦ, ਬਹੁਤ ਸਰੀਰ ਪਰਿਵਾਰਾਂ ਤੋਂ ਵਿੱਛੜੇ ਹੋਏ ਸਨ ਪਰ ਫਿਰ ਵੀ ਇੱਕ ਯਾਦ ਨਹੀਂ ਸੀ ਭੁੱਲੀ ਜੋ ਸ੍ਰੀ ਸਤਿਗੁਰੂ ਜੀ ਦੀ ਯਾਦ। ਨਾਮ ਤੇ ਬਾਣੀ ਦਾ ਪਰਵਾਹ ਇਹ ਉਸੇ ਤਰ੍ਹਾਂ ਕਾਇਮ ਰਿਹਾ। ਸੰਨ 1945 ਦੀ ਬਸੰਤ ਦਾ ਦਿਨ ਜੀਵਨ ਵਿੱਚ ਨਾ ਭੁੱਲਣ ਵਾਲਾ ਦਿਨ ਹੈ। ਉਸ ਦਿਨ ਜੋ ਕੀਰਤਨ ਦਾ ਆਨੰਦ ਆਇਆ, ਉਹ ਕਹਿਣ ਤੋਂ ਬਾਹਰ ਹੈ। ਇਸਦਾ ਸਵਾਦ ਉਹ ਹੀ ਜਾਣਦਾ ਹੈ ਜਿਨ੍ਹਾਂ ਨੇ ਇਸ ਨੂੰ ਅੱਖਾਂ ਨਾਲ ਦੇਖਿਆ ਅਤੇ ਕੰਨਾਂ ਨਾਲ ਸੁਣਿਆ ਹੈ। ਇਹ ਲਿਖਣ ਵਿੱਚ ਨਹੀਂ ਆ ਸਕਦਾ। 'ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਣ' ਵਾਲੀ ਗੱਲ ਹੈ।

ਬਸੰਤ ਦੇ ਮੇਲੇ ਤੋਂ ਪਹਿਲਾਂ ਘਰੋਗੀ ਰੋਜ਼ ਵਰਨੀ ਪਾਠ ਹੁੰਦੇ ਜੋ ਸਵੇਰੇ ਸੱਤ ਜਾਂ ਸਾਢੇ ਸੱਤ ਵਜੇ ਭੋਗ ਪੈਂਦਾ ਸੀ। ਪਹਿਲੋਂ ਹੀ ਸੰਤ ਫੂਲਾ ਸਿੰਘ ਦੇ ਪਰਿਵਾਰ ਨੇ 'ਬਸੰਤ ਪੰਚਮੀ' ਭੋਗ ਵਾਲਾ ਦਿਨ ਆਪਣੇ ਘਰ(ਸੌਏਆਰ) ਸੁਖੁਮਵਿਟ ਨੰ:੨੯ ਵਿਖੇ ਸਾਧ-ਸੰਗਤ ਪਾਸੋਂ ਪ੍ਰਵਾਨ ਕਰਾਇਆ ਹੋਇਆ ਸੀ। ਅੰਮ੍ਰਿਤ ਵੇਲੇ ਵਰਨੀ ਪਾਠ ਦੀ ਆਰੰਭਤਾ ਕੀਤੀ ਗਈ ਤੇ ਉਸ ਵੇਲੇ ਬਹੁਤ ਕੀਰਤਨ ਕਰਨ ਵਾਲੇ ਪਾਠੀ ਹੋਣ ਕਰਕੇ ਸਵੇਰੇ ਪਾਠ ਦੀ ਆਰੰਭਤਾ ਦੇ ਨਾਲ ਸ੍ਰੀ ਆਸਾ ਜੀ ਦੀ ਵਾਰ ਦਾ

ਕੀਰਤਨ ਮਾਸਟਰ ਭਗਵਾਨ ਸਿੰਘ, ਕਿਰਪਾਲ ਸਿੰਘ ਨਰੂਲਾ ਤੇ ਗੁਰਬਖਸ਼ ਸਿੰਘ ਬੁੱਧੀਰਾਜਾ ਨੇ ਆਰੰਭ ਕੀਤਾ (ਨੋਟ : ਇਹ ਤਿੰਨੇ ਰਾਗੀ ਸ੍ਰੀ ਗੁਰੂ ਸਿੰਘ ਸਭਾ ਵਿਖੇ ਕੀਰਤਨ ਕਰਦੇ ਹੁੰਦੇ ਸੀ। ਇਹ ਰੋਜ਼ ਸਾਧ-ਸੰਗਤ ਵਿੱਚ ਅੰਮ੍ਰਿਤ ਵੇਲੇ ਆ ਕੇ ਦਰਸ਼ਨ ਕਰਦੇ ਤੇ ਰੋਜ਼ ਇਸ਼ਨਾਨ ਵੀ ਕਰਦੇ ਸਨ) ਨਾਮਧਾਰੀ ਸੰਗਤ ਨਾਲ ਇਨ੍ਹਾਂ ਦਾ ਗੂੜ੍ਹਾ ਪ੍ਰੇਮ ਸੀ। ਵਰਨੀ ਪਾਠ ਦੇ ਭੋਗ ਪੈਣ ਤੋਂ ਬਾਅਦ ਤਕਰੀਬਨ ਸੱਤ ਵਜੇ ਤੋਂ ਸੰਤ ਪਰਤਾਪ ਸਿੰਘ ਜੀ 'ਮਸਤਾਨਾ' ਦੀ ਅਗਵਾਈ ਹੇਠ ਕੀਰਤਨੀ ਜਥੇ ਨੇ ਮਿਲਕੇ ਵਾਰੇ ਦੇ ਰੂਪ ਵਿੱਚ ਇਹ ਕੀਰਤਨ ਆਰੰਭ ਕੀਤਾ ਜੋ ਪਹਿਲਾਂ ਰਾਗੀ ਸਿੰਘ ਵਾਰ ਦੇ ਰੂਪ ਵਿੱਚ ਕਰ ਰਹੇ ਸਨ। ਢੋਲਕ, ਛੈਣਿਆਂ ਦੀ ਗੂੰਜ, ਸਤਿਗੁਰੂ ਜੀ ਦੀ ਯਾਦ ਤੇ ਬਸੰਤ ਆਗਮਨ ਦਾ ਦਿਨ, ਸਭ ਨੇ ਮਸਤੀ ਦਾ ਖੇੜਾ ਲੈ ਆਂਦਾ। ਇਸ ਵਾਰੇ ਦਾ ਭੋਗ ਨੌਂ ਵਜੇ ਤੋਂ ਬਾਅਦ ਪਿਆ ਤੇ ਇਸ ਵੇਲੇ ਇੱਕ ਬਾਹਰੋਂ ਪੀਨਾਂਗ ਤੋਂ ਆਏ ਹੋਏ ਰਾਗੀ ਭਾਈ ਭਾਗ ਸਿੰਘ ਨੇ ਸਾਧ-ਸੰਗਤ ਵਿੱਚ ਖਲੋਕੇ ਵਾਜੇ ਦੇ ਨਾਲ ਇੱਕ ਕਵਿਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਕਾਸ਼ ਉਤਸਵ ਦੀ ਖੁਸ਼ੀ ਵਿੱਚ ਗਾ ਕੇ ਪੜ੍ਹੀ ਜਿਸਦਾ ਸਿਰਲੇਖ ਇਹ ਸੀ 'ਜੀਵੇਂ ਚੰਨ ਤੂੰ ਹੈਂ ਕੌਮਾਂ ਸਾਰੀਆਂ ਦਾ। ਨਿਰਾਪੁਰਾ ਨਹੀਂ ਤੂੰ ਨਾਮਧਾਰੀਆਂ ਦਾ।' ਇਹ ਕਵਿਤਾ ਅਜੇ ਉਸ ਨੇ ਆਰੰਭ ਹੀ ਕੀਤੀ ਸੀ ਕਿ ਇੱਕ ਸਿੱਖ ਨੂੰ ਮਸਤੀ ਆ ਗਈ ਤੇ ਸੂਤਰਪਾਨ ਕਰਨ ਲੱਗ ਪਿਆ। ਉਸਦੀ ਕਵਿਤਾ ਅਜੇ ਬਾਕੀ ਰਹਿੰਦੀ ਸੀ ਤਾਂ ਸੰਗਤ ਦੀ ਵੈਰਾਗਮਈ ਦਸ਼ਾ ਦੇਖਕੇ ਜੱਥੇ ਨੇ ਢੋਲਕ-ਛੈਣੇ ਵਜਾਉਣੇ ਸ਼ੁਰੂ ਕਰ ਦਿੱਤੇ ਤੇ ਜਿਵੇਂ ਕਿਸੇ ਕਵੀ ਨੇ ਲਿਖਿਆ ਹੈ:- "ਲੱਗੇ ਢੋਲਕ ਛੈਣੇ ਖੜਕਣ, ਜਿਸਨੂੰ ਸੁਣਕੇ ਕਬੂਤਰ ਫੜਕਣ"। ਇਹ ਹਾਲਤ ਉਸ ਵੇਲੇ ਹੋ ਗਈ। ਇਹ ਸਾਢੇ ਨੌਂ ਜਾਂ ਦਸ ਵਜੇ ਦੇ ਕਰੀਬ ਦਾ ਕੀਰਤਨ ਸ਼ੁਰੂ ਹੋਏ ਵਿੱਚ ਪਤਾ ਨਹੀਂ ਕਿੰਨੇ ਕੁ ਸਰੀਰ ਮਸਤਾਨੇ ਹੋਏ, ਪੂਰਾ ਵੇਰਵਾ ਦੇਣਾ ਬੜਾ ਮੁਸ਼ਕਿਲ ਹੈ ਪਰ ਫਿਰ ਵੀ ਜੋ ਨਾਮ ਯਾਦ ਰਹਿ ਗਏ ਹਨ, ਉਹ ਇਸ ਪ੍ਰਕਾਰ ਹਨ: ਸੰਤ ਹਰਨਾਮ ਸਿੰਘ ਪਾਕਵਾਨ, ਸੰਤ ਪਰਤਾਪ ਸਿੰਘ ਜੀ ਮਸਤਾਨਾ, ਸੰਤ ਕੇਸਰ ਸਿੰਘ ਜੀ, ਸੰਤ ਫੂਲਾ ਸਿੰਘ ਜੀ, ਸੰਤ ਦਿਆਲ ਸਿੰਘ ਮਨਚੰਦਾ, ਸੰਤ ਨਿਹਾਲ ਸਿੰਘ ਗੋਰੋਵਾੜਾ, ਸੰਤ ਨਿਹਾਲ ਸਿੰਘ ਚਾਵਲਾ, ਸ. ਜਗਜੀਤ ਸਿੰਘ ਗੋਰੋਵਾੜਾ, ਸ. ਲਾਭ ਸਿੰਘ ਸੇਠੀ, ਸੇਠ ਜਗਜੀਤ ਸਿੰਘ ਨਰੂਲ, ਸ. ਜੈਮਲ ਸਿੰਘ ਸੇਠੀ।

ਸੋ ਇਹ ਸਰੀਰ ਤਾਂ ਦੀਵਾਨ ਵਿੱਚ ਮਸਤਾਨੇ ਹੋਏ ਤੇ ਉਹ ਵੀ ਬਹੁਤ ਸਾਰੇ ਸਰੀਰ ਸਨ ਜਿਨ੍ਹਾਂ ਦੇ ਨੇਤਰ ਉਸ ਵੇਲੇ ਮਸਤੀ ਕਰਕੇ ਜਲ ਨਾਲ ਭਰਪੂਰ ਸਨ। ਇਸ ਤੋਂ ਬਿਨਾਂ ਜੋ ਗ਼ੈਰ ਨਾਮਧਾਰੀ ਵੀਰ ਮਸਤਾਨੇ ਹੋ ਕੇ ਲੇਟਣੀਆਂ ਲੈ ਰਹੇ ਸਨ, ਉਨ੍ਹਾਂ ਦੇ ਨਾਮ ਸਰਦਾਰ ਸਿੰਘ ਘੋਗੜ, ਨਿਹਾਲ ਸਿੰਘ ਘੋਗੜ, ਇਹ ਦੋ ਭਾਟੜੇ ਸਿੰਘ ਤੇ ਇੱਕ ਜ਼ਿਮੀਦਾਰ ਸਿੰਘ, ਜੋ ਮਸਤ ਹੋ ਕੇ ਸਰੀਰ ਦੀ ਹੋਸ਼ ਵੀ ਭੁਲਾ ਬੈਠੇ ਸਨ। ਇਸ ਦੀਵਾਨ ਦਾ ਕਿੰਨਾ ਕੁ ਰਸ ਸੀ, ਇਸ ਨੂੰ ਕਲਮ ਰਾਹੀਂ ਬਿਆਨ ਕਰਨਾ ਬੜਾ ਮੁਸ਼ਕਿਲ ਹੈ। ਉਸ ਵੇਲੇ ਸਭ ਸੰਗਤ ਨੂੰ ਲੰਗਰ ਛਕਣਾ ਭੁੱਲਾ ਹੋਇਆ ਸੀ। ਇਸ ਕੀਰਤਨ ਨੂੰ ਕਰਦਿਆਂ ਜਦ ਚਾਰ ਬਾਅਦ ਦੁਪਹਿਰ ਦਾ ਸਮਾਂ ਹੋ ਗਿਆ ਤਾਂ ਸੰਤ ਫੂਲਾ ਸਿੰਘ ਤੇ ਸੇਠ ਗੁਰਬਚਨ ਸਿੰਘ 'ਪ੍ਰੀਤਮ' ਜੀ ਨੇ ਸਾਧ-ਸੰਗਤ ਵਿੱਚ ਖੜ੍ਹੇ ਹੋ ਕੇ ਗਲ ਵਿੱਚ ਪੱਲਾ ਪਾ ਕੇ ਅਰਜ਼ ਕੀਤੀ, ਖ਼ਿਮਾ ਮੰਗਦਿਆਂ ਭੋਗ ਪਾਉਣ ਲਈ ਬੇਨਤੀ ਕੀਤੀ ਕਿ ਵੱਡਾ ਵੇਲਾ ਹੋਣ ਵਾਲਾ ਹੈ ਤੇ ਸ਼ਾਮ ਨੂੰ ਬੱਤੀਆਂ ਬੁਝਣ (ਭਲਓਚਕ੍ਰੌਟ) ਕਰਕੇ ਮੁਸ਼ਕਿਲ ਹੋ ਜਾਵੇਗੀ ਅਤੇ ਇਸ ਦੇ ਨਾਲ ਪਾਠਾਂ ਦੇ ਭੋਗ ਵੀ ਪਾਏ ਜਾਣੇ ਹਨ। ਫਿਰ ਵੀ ਕੀਰਤਨ ਦਾ ਭੋਗ ਪੰਜ ਵਜੇ ਦੇ ਕਰੀਬ ਪਿਆ (ਨੋਟ:- ਇੱਕ ਗੱਲ ਇੱਥੇ ਖ਼ਾਸ ਵਰਣਨਯੋਗ ਹੈ ਕਿ ਇਸ ਸਾਰੇ ਕੀਰਤਨ ਵਿੱਚ ਕੋਈ ਵੀ ਕਥਾ ਜਾਂ ਬਚਨ ਨਹੀਂ ਸੀ ਕੀਤਾ ਗਿਆ। ਕੇਵਲ ਗੁਰਬਾਣੀ ਦੇ ਅਧਾਰ 'ਤੇ ਨਿਰਬਾਣ ਕੀਰਤਨ ਸੀ) ਵੱਡੇ ਹਵਨ ਤੋਂ ਬਾਅਦ 101 ਸਧਾਰਨ ਪਾਠਾਂ ਦੇ ਭੋਗ ਪਾਏ ਗਏ ਜੋ ਮੇਲੇ ਵਾਲਿਆਂ ਦੇ ਪਰਿਵਾਰ ਨੇ ਇਹ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਆਪ ਹੀ ਕੀਤੇ ਸਨ ਤੇ ਦੁਪਹਿਰ ਦਾ ਬਣਿਆ ਲੰਗਰ ਸਾਧ-ਸੰਗਤ ਨੇ ਅਰਦਾਸ ਹੋਣ ਤੋਂ ਬਾਅਦ ਛੇ ਵਜੇ ਛਕਿਆ। ਇਸ ਦੀਵਾਨ ਨੂੰ ਜੇਕਰ ਇੱਕ 'ਇਤਿਹਾਸਿਕ ਦੀਵਾਨ' ਕਹਿ ਦਈਏ ਤਾਂ ਗ਼ਲਤ ਨਹੀਂ ਹੋਵੇਗਾ। ਇਸ ਵੇਲੇ ਜੋ ਸਰੀਰ ਜਥੇ ਵਿੱਚ ਕੀਰਤਨ ਕਰਨ ਵਾਲੇ ਸ਼ਾਮਿਲ ਸਨ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ: ਸੰਤ ਪਰਤਾਪ ਸਿੰਘ 'ਮਸਤਾਨਾ', ਸੰਤ ਕੇਸਰ ਸਿੰਘ, ਸੰਤ ਨਿਹਾਲ ਸਿੰਘ ਚਾਵਲਾ, ਸੰਤ ਨਿਹਾਲ ਸਿੰਘ ਗੋਰੋਵਾੜਾ, ਸੰਤ ਕਰਤਾਰ ਸਿੰਘ ਚਾਵਲਾ, ਸੰਤ ਕਿਰਪਾਲ ਸਿੰਘ ਮਨਚੰਦਾ, ਸੇਠ ਗੁਰਬਖਸ਼ ਸਿੰਘ, ਸ. ਜਗਜੀਤ ਸਿੰਘ ਗੋਰੋਵਾੜਾ, ਸੇਠ ਤਰਲੋਕ ਸਿੰਘ, ਲਾਭ ਸਿੰਘ ਸੇਠੀ, ਤਰਲੋਚਨ ਸਿੰਘ ਚਾਵਲਾ, ਜੋਗਿੰਦਰ ਸਿੰਘ ਮਦਾਨ, ਦਰਸ਼ਨ ਸਿੰਘ ਗੋਰੋਵਾੜਾ, ਪਿਆਰਾ ਸਿੰਘ ਕੁਕਰੇਜਾ, ਕਿਸ਼ਨ ਸਿੰਘ ਸੇਠੀ, ਸੇਠ ਨਰੈਣ ਸਿੰਘ 'ਬੀਰ' ਅਤੇ ਇਕਬਾਲ ਸਿੰਘ ਮਨਚੰਦਾ। ਇਸ ਬਸੰਤ ਦੇ ਮੇਲੇ ਦੇ ਦੀਵਾਨ ਦੀਆਂ ਧੁੰਮਾਂ ਪੈ ਗਈਆਂ ਤੇ ਥੋੜ੍ਹੇ ਚਿਰ ਬਾਅਦ ਹੀ ਹੋਲਾ ਮਹੱਲਾ ਮਨਾਉਣ ਲਈ ਸੇਠ ਨਰੈਣ ਸਿੰਘ 'ਬੀਰ' ਨੇ ਆਪਣੇ ਗ੍ਰਹਿ ਵਿਖੇ (ਸੁਖੁਮਵਿਟ ਗਲੀ ਨੰ: ਪ੩, ਮਾਡੀਪਾਏ ਡੀ ਗਲੀ) ਸਾਧ-ਸੰਗਤ ਪਾਸੋਂ ਮਨਜ਼ੂਰੀ ਲਈ। ਇਹ ਵੀ ਇੱਕ ਬਹੁਤ ਤਕੜਾ ਮੇਲਾ ਹੋਇਆ। ਸਵੇਰੇ ਪਾਠ ਤੇ ਬਾਅਦ ਕੀਰਤਨ, ਦੁਪਹਿਰ ਵੇਲੇ ਸੰਤ ਕੇਸਰ ਸਿੰਘ ਜੀ ਦਾ ਕੀਰਤਨ ਤੇ ਸ਼ਾਮ ਨੂੰ ਹਵਨ ਵੀ ਹੋਇਆ। ਸੰਗਤ ਦਾ ਇਕੱਠ ਵੀ ਬਹੁਤ ਸੀ ਪਰ ਜੋ ਅਨੰਦ ਬਸੰਤ ਦਿਵਸ ਸਮੇਂ ਆਇਆ ਸੀ, ਉਹ ਫਿਰ ਨਹੀਂ ਆਇਆ। ਇਸ ਤਰ੍ਹਾਂ ਜੰਗ ਦੇ ਦਿਨਾਂ ਵਿੱਚ ਸਾਧ-ਸੰਗਤ ਨੇ ਮਿਲ ਕੇ ਭਜਨ ਬਾਣੀ, ਕੀਰਤਨ, ਪਾਠ ਪ੍ਰਯੋਗ ਕਰਕੇ ਆਪਣਾ ਇਹ ਕਠਿਨ ਸਮਾਂ ਬਤੀਤ ਕੀਤਾ ਤੇ ਸ੍ਰੀ ਸਤਿਗੁਰੂ ਜੀ ਦੀ ਪਵਿੱਤਰ ਯਾਦ ਨੂੰ ਕਾਇਮ ਰੱਖਿਆ। ਫਿਰ ਅਗਸਤ 1945 ਵਿੱਚ ਘਰੋ-ਘਰੀ ਪਾਠ, ਵਰਨੀ ਕਰਦਿਆਂ ਹੀ ਖ਼ਬਰ ਇੱਕ ਦਿਨ ਸਵੇਰੇ ਸੁਣੀ ਗਈ ਜੋ ਸੰਸਾਰ ਯੁੱਧ ਵਿੱਚ ਜਪਾਨ ਨੇ ਆਪਣੀ ਹਾਰ ਮੰਨ ਲਈ ਹੈ। ਜਰਮਨ ਤੇ ਇਟਲੀ ਤਾਂ ਪਹਿਲਾਂ ਹੀ ਹਾਰ ਚੁੱਕੇ ਸਨ। ਇਸ ਖ਼ਬਰ ਨੇ ਮਨਾਂ ਅੰਦਰ ਖ਼ੁਸ਼ੀ ਦਾ ਖੇੜਾ ਲੈ ਆਂਦਾ ਕਿ ਹੁਣ ਜਲਦੀ ਹੀ ਪਰਿਵਾਰ ਤੋਂ ਵਿਛੜੇ ਜੀਆਂ ਦਾ ਮਿਲਾਪ ਹੋਵੇਗਾ। ਪਰੰਤੂ ਇਸ ਦੇ ਨਾਲ ਇਹ ਵੀ ਮਨਾਂ ਵਿਚ ਆਇਆ ਕਿ ਅੰਗਰੇਜ਼ਾਂ ਦੇ ਖ਼ਿਲਾਫ਼ ਭਾਰਤ ਦੀ ਆਜ਼ਾਦੀ ਦੀ (ਮੂਵਮੈਂਟ) ਲਹਿਰ ਵਿਚ ਏਥੋਂ ਦੇ ਨਾਮਧਾਰੀ ਵੀਰਾਂ ਨੇ ਵੀ ਹਿੱਸਾ ਲਿਆ ਹੈ

ਜੋ ਗਿਣਤੀ ਵਿੱਚ ਪੰਜ ਜਾਂ ਛੇ ਸਨ, ਇਸਦਾ ਕੀ ਹਸ਼ਰ ਹੋਵੇਗਾ? ਸੋ ਸ਼ੁਰੂ-ਸ਼ੁਰੂ ਵਿੱਚ ਕੁਝ ਸਰੀਰ ਅੰਗਰੇਜ਼ੀ ਗੌਰਮਿੰਟ ਨੇ ਪਕੜੇ ਪਰ ਇਸ ਵਿੱਚ ਭਾਰਤ ਦੇ ਹਰ ਫ਼ਿਰਕੇ ਨੇ ਹਿੱਸਾ ਲਿਆ ਸੀ, ਤੇ ਇਹ ਰਾਜਸੀ ਮਾਮਲੇ ਬਣਨ ਕਰਕੇ ਅੰਗਰੇਜ਼ੀ ਸਰਕਾਰ ਨੇ ਕੁਝ ਚਿਰ ਬਾਅਦ ਸਭ ਨੂੰ ਛੱਡ ਦਿੱਤਾ ਕਿਉਂਕਿ ਉਸਨੂੰ ਇਹ ਡਰ ਹੋ ਗਿਆ ਸੀ ਕਿ ਇਹ ਆਜ਼ਾਦੀ ਦੀ ਲਹਿਰ ਸਾਰੇ ਭਾਰਤ ਵਿੱਚ ਨਾ ਜਾਏ ਜਿਸ ਨਾਲ ਸਾਨੂੰ ਭਾਰਤ ਛੱਡਣਾ ਪੈ ਜਾਏ। ਇਹ ਸਭ ਗਰੀਬ-ਨਿਵਾਜ਼ ਸਤਿਗੁਰੂ ਪਰਤਾਪ ਸਿੰਘ ਜੀ ਦੀ ਕਿਰਪਾ ਸੀ। ਨਾਮਧਾਰੀ ਵੀਰ ਬਾਹਰ ਦੂਰ ਰਹਿੰਦੇ ਮਕਾਨ ਛੱਡ ਕੇ ਵਾਪਿਸ ਸ਼ਹਿਰ ਆ ਗਏ ਸਨ ਤੇ ਫਿਰ ਸੰਗਤ ਦਾ ਪਰਚਾ, ਕੀਰਤਨ ਦਾ ਗੁਰਦੁਆਰਾ ਯਾਵਾਰੱਟ ਵਿਖੇ ਸ਼ੁਰੂ ਹੋ ਗਿਆ। ਇਹ ਦੋ-ਤਿੰਨ ਮਹੀਨੇ ਇਵੇਂ ਹੀ ਬਤੀਤ ਹੋਏ। ਦੇਸ਼ ਤੋਂ ਕਈਆਂ ਨੂੰ ਸਬੰਧੀਆਂ ਦੀਆਂ ਚਿੱਠੀਆਂ ਆਈਆਂ ਜਿਸ ਤੋਂ ਆਪਸੀ ਮਿਲਾਪ ਦੀ ਆਸ ਨੇੜੇ ਜਾਪਦੀ ਸੀ। ਭਾਰਤੀਆਂ ਵਿੱਚੋਂ ਜੋ ਸਭ ਤੋਂ ਪਹਿਲਾਂ ਵਾਪਿਸ ਦੇਸ਼ ਗਿਆ ਉਹ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਸੀ ਜੋ ਕਿ ਅੰਗੇਰਜ਼ੀ ਫ਼ੌਜੀ ਹਵਾਈ ਜਹਾਜ਼ ਰਾਹੀਂ ਮਾਰਚ 1946 ਦੇ ਮਹੀਨੇ ਕਲਕੱਤੇ ਗਿਆ ਤੇ ਉੱਥੋਂ ਗੱਡੀ ਤੇ ਚੜ੍ਹਕੇ ਪੰਜਾਬ ਉਸ ਅਸਥਾਨ 'ਤੇ ਪਹੁੰਚਾ ਜਿੱਥੇ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਨਾਮਧਾਰੀ ਹੋਲਾ ਮਹੱਲਾ ਮਨਾਇਆ ਜਾ ਰਿਹਾ ਸੀ (ਜਗ੍ਹਾ ਦਾ ਨਾਮ ਯਾਦ ਨਹੀਂ ਰਿਹਾ) ਤੇ ਗਰੀਬ-ਨਿਵਾਜ਼ ਜੀ ਦੇ ਜਾ ਦਰਸ਼ਨ ਕੀਤੇ (ਇਹ ਇਸ ਕਰਕੇ ਨੋਟ ਕੀਤਾ ਹੈ ਕਿ ਇਹ ਪਹਿਲੇ ਭਾਰਤੀ ਸਨ ਜੋ ਜੰਗ ਖ਼ਤਮ ਹੋਣ ਤੋਂ ਬਾਅਦ ਦੇਸ਼ ਵਾਪਿਸ ਗਏ ਸਨ ਤੇ ਇਨ੍ਹਾਂ ਨੇ ਆਜ਼ਾਦ ਹਿੰਦ ਫ਼ੌਜ ਦੇ ਨੇਤਾ ਸੁਭਾਸ਼ ਚੰਦਰ ਬੋਸ ਨਾਲ ਮਿਲਕੇ ਕੰਮ ਕੀਤਾ ਸੀ)। ਜੰਗ ਮੁੱਕਣ ਤੋਂ ਬਾਅਦ ਇੱਕ ਸਾਲ ਦੇ ਅੰਦਰ ਕਾਫੀ ਸਰੀਰ ਦੇਸ਼ ਵਾਪਿਸ ਗਏ ਸਨ ਤੇ ਦੇਸ਼ ਤੋਂ ਪਹਿਲੇ ਨਾਮਧਾਰੀ ਵੀਰ ਜੋ ਬੰਕੋਕ ਆਏ, ਉਹ ਸੇਠ ਮੋਹਰ ਸਿੰਘ ਜੀ, ਨਰੈਣ ਸਿੰਘ ਚਾਵਲਾ, ਸੁਰਜੀਤ ਸਿੰਘ ਚਾਵਲਾ ਅਪ੍ਰੈਲ 1946 ਵਿਖੇ ਕਲਕੱਤੇ ਤੋਂ ਪਾਣੀ ਵਾਲੇ ਜਹਾਜ਼ 'ਤੇ ਸਿੱਧਾ ਬੰਕੋਕ ਪਹੁੰਚੇ ਅਤੇ ਇਹਨਾਂ ਦੇ ਨਾਲ ਹੋਰ ਕਈ ਭਾਰਤੀ ਵੀਰ ਕਾਫੀ ਗਿਣਤੀ ਵਿੱਚ ਆਏ ਸਨ। ਇਨ੍ਹਾਂ ਦਿਨਾਂ ਵਿੱਚ ਵਪਾਰ ਵਿੱਚ ਕੱਪੜੇ ਦੀ ਥੁੜ੍ਹ ਹੋਣ ਕਰਕੇ ਇਹ ਪਤਾ ਲੱਗਾ ਕਿ ਅੰਗਰੇਜ਼ੀ ਸਰਕਾਰ ਨੇ ਬਰਮਾ ਦੇ ਦੇਸ਼ ਵਿਚ ਕਾਫੀ ਕੱਪੜਾ ਭੇਜਿਆ ਹੈ ਅਤੇ ਕੀਮਤ ਵੀ ਸਸਤੀ ਹੈ। ਇਹ ਸੁਣਕੇ ਕਈ ਨਾਮਧਾਰੀ ਵੀਰ ਖ਼ੁਸ਼ਕ ਰਸਤੇ ਰਾਹੀਂ ਰੰਗੂਨ ਤੋਂ ਮਾਲ ਲੈ ਕੇ ਆਏ ਤੇ ਇਸ ਨਾਲ ਕਾਫੀ ਬੱਚਤ ਹੋਈ ਤੇ ਦੂਜੀ ਵਾਰ ਵੀ ਇਸ ਤੋਂ ਜ਼ਿਆਦਾ ਗਿਣਤੀ ਵਿੱਚ ਵਪਾਰੀ ਜਾ ਕੇ ਮਾਲ ਲਿਆਏ। ਇਸ ਨਾਲ ਅੱਗੇ ਨਾਲੋਂ ਵੀ ਜ਼ਿਆਦਾ ਫ਼ਾਇਦਾ ਹੋਇਆ ਤੇ ਕਈ ਮਾੜੇ-ਮਾੜੇ ਘਰ ਪੈਸੇ ਵਾਲੇ ਬਣ ਗਏ। ਪਰ ਦੂਜੀ ਵਾਰ ਬਰਮਾ ਤੋਂ ਮਾਲ ਲਿਆਉਣ ਵੇਲੇ ਉੱਥੋਂ ਦੀ ਸਰਕਾਰ ਨੇ ਇਹ ਚਿਤਾਵਨੀ ਦੇ ਦਿੱਤੀ ਸੀ ਕਿ ਅੱਗੋਂ ਤੋਂ ਇਹ ਮਾਲ ਲਿਜਾਣ ਦੀ ਇਜਾਜ਼ਤ ਨਹੀਂ ਮਿਲੇਗੀ। ਪਰੰਤੂ ਬਰਮਾ ਸਰਕਾਰ ਦੇ ਕਹੇ ਨੂੰ ਭੁੱਲ ਗਏ ਤੇ ਮਹੀਨੇ ਬਾਅਦ ਫਿਰ ਜਾਣ ਦੀ ਤਿਆਰੀ ਕਰ ਲਈ ਅਤੇ ਜਿੰਨੀ ਕਮਾਈ ਅੱਗੇ ਕੀਤੀ ਸੀ ਅਤੇ ਕੁਝ ਹੋਰ ਦੂਸਰਿਆਂ ਪਾਸੋਂ ਕਰਜ਼ਾ ਚੁੱਕ ਕੇ ਫਿਰ ਤੁਰ ਪਏ ਤੇ ਇਹ ਸੰਨ 1946 ਜਨਵਰੀ ਦਾ ਮਹੀਨਾ ਸੀ। ਬਸੰਤ ਪੰਚਮੀ ਦਿਵਸ ਵੀ ਨੇੜੇ ਆ ਰਿਹਾ ਸੀ ਪਰ ਮਾਇਆ ਦੇ ਲਾਲਚ ਨੇ ਸਭ ਕੁਝ ਭੁਲਾ

ਦਿੱਤਾ (ਦਾਤ ਪਿਆਰੀ ਵਿਸਰਿਆ ਦਾਤਾਰਾ) ਇਹ ਗੁਰਬਾਣੀ ਦੀ ਤੁਕ ਸੇਠ ਸੁਰਿੰਦਰ ਸਿੰਘ ਸਚਦੇਵ ਨੇ ਉੱਪਰ ਦਾ ਹਾਲ ਪੜ੍ਹ ਕੇ ਲਿਖਾਈ ਸੀ। ਵਾਪਸ ਮਾਲ ਲਿਆਉਂਦਿਆਂ ਸ਼ਾਨ ਸਟੇਟ (ਬਰਮਾ) ਦੇ ਕਰਮਚਾਰੀਆਂ ਨੇ ਚੰਦੋ ਸ਼ਹਿਰ ਵਿੱਚੋਂ ਲੰਘਦਿਆਂ ਇਹ ਵਪਾਰੀਆਂ ਦਾ ਮਾਲ ਕਬਜ਼ੇ ਵਿੱਚ ਲੈ ਲਿਆ ਤੇ ਇਸ ਤਰ੍ਹਾਂ ਖ਼ਾਸ ਕਰਕੇ ਨਾਮਧਾਰੀ ਵੀਰਾਂ ਨੂੰ ਬਹੁਤ ਮਾਇਕ ਨੁਕਸਾਨ ਪੁੱਜਾ ਕਿ ਕਈ ਸਾਲ ਤੱਕ ਵੀ ਆਪਣੇ ਪੈਰਾਂ 'ਤੇ ਨਾ ਖੜ੍ਹੋ ਸਕੇ। ਸਾਧ-ਸੰਗਤ ਵਿਚ ਕੀਰਤਨ, ਵਰਨੀ ਪਾਠ ਉਸੇ ਤਰ੍ਹਾਂ ਜਾਰੀ ਸਨ। ਕੀਰਤਨ ਜਥੇ ਦਾ ਆਪਸ ਵਿੱਚ ਬੜਾ ਇਤਫ਼ਾਕ ਸੀ। ਰੋਜ਼ ਆਪਸ ਵਿੱਚ ਮਿਲਦੇ ਰਹਿੰਦੇ ਤੇ ਚੰਗੀਆਂ ਵਿਚਾਰਾਂ ਹੁੰਦੀਆਂ। ਉਨ੍ਹਾਂ ਨੇ ਗਰੀਬਾਂ ਦੀ ਮਦਦ ਕਰਨ ਵਾਸਤੇ ਇੱਕ ਫੰਡ ਬਣਾਉਣ ਦੀ ਸਕੀਮ ਰੱਖੀ। ਸਾਧਸੰਗਤ ਦੀ ਕਿਰਪਾ ਤੇ ਸਹਿਯੋਗ ਨਾਲ ਤਕਰੀਬਨ ਵੀਹ ਹਜ਼ਾਰ ਟਿਕਲ ਉਸ ਵੇਲੇ ਇਕੱਠਾ ਕੀਤਾ ਗਿਆ ਤਾਂ ਕਿ ਵੇਲੇ-ਕੁਵੇਲੇ ਕਿਸੇ ਲੋੜਵੰਦ ਦੀ ਸਹਾਇਤਾ ਕੀਤੀ ਜਾ ਸਕੇ। ਇਸ ਫੰਡ ਦੇ ਖ਼ਜ਼ਾਨਚੀ ਦੀ ਸੇਵਾ ਸੰਤ ਕਿਰਪਾਲ ਸਿੰਘ ਮਨਚੰਦਾ ਨੂੰ ਸੌਂਪੀ ਗਈ। ਇਸ ਫੰਡ ਨਾਲ ਦੋ-ਤਿੰਨ ਸਰੀਰਾਂ ਦੀ ਮਦਦ ਵੀ ਕੀਤੀ ਗਈ ਤੇ ਫਿਰ ਉਨ੍ਹਾਂ ਨੇ ਮਾਇਆ ਵੀ ਵਾਪਿਸ ਕਰ ਦਿੱਤੀ ਸੀ। ਉਨ੍ਹਾਂ ਨੌਜਵਾਨਾਂ ਵਿੱਚ ਪਿਆਰ ਤੇ ਇਤਫ਼ਾਕ ਸੀ ਕਿ ਜੋ ਇਹ ਚੰਗੇ ਵਿਚਾਰ ਪ੍ਰਗਟ ਕਰਦੇ, ਉਹ ਸੰਗਤ ਵਿੱਚ ਮੰਨੇ ਜਾਂਦੇ ਸਨ।

ਇਸ ਵੇਲੇ ਨੌਜਵਾਨਾਂ ਦੇ ਆਗੂ ਦੇ ਰੂਪ ਵਿੱਚ ਸੇਠ ਤਰਲੋਕ ਸਿੰਘ ਜੀ ਅੱਗੇ ਆ ਰਹੇ ਸਨ ਤੇ ਸਾਧ-ਸੰਗਤ ਦੇ ਸਹਿਯੋਗ ਨਾਲ ਸੰਤ ਦਿਆਲ ਸਿੰਘ ਮਨਚੰਦਾ ਤੇ ਲਾਭ ਸਿੰਘ ਸੇਠੀ ਨੂੰ ਅੰਮ੍ਰਿਤ ਛਕਾ ਕੇ ਵਰਨੀਆਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇ ਦਿੱਤੀ। ਉਸ ਵੇਲੇ ਸੇਠ ਨਰੈਣ ਸਿੰਘ 'ਬੀਰ' ਆਪਣੇ ਕਿਸੇ ਵਿਹਾਰ ਕਰਕੇ ਸਿੰਘਾਪੁਰ ਗਏ ਹੋਏ ਸੀ ਤੇ ਉਥੋਂ ਵਾਪਿਸ ਆਉਣ 'ਤੇ ਸਾਧ-ਸੰਗਤ ਵਿੱਚ ਖੜ੍ਹਾ ਹੋ ਕੇ ਇਤਰਾਜ਼ ਕੀਤਾ ਕਿ ਹਰ ਕੋਈ ਕੰਮ ਕਰਨ ਤੋਂ ਪਹਿਲਾਂ ਮੇਰੀ ਸਲਾਹ ਲੈਣੀ ਜ਼ਰੂਰੀ ਸੀ ਤੇ ਨਾਲ ਹੋਰ ਵੀ ਕਈ ਵਿਚਾਰ ਪ੍ਰਗਟ ਕੀਤੇ ਤਾਂ ਇਸ ਦੇ ਜਵਾਬ ਵਿੱਚ ਸੇਠ ਤਰਲੋਕ ਸਿੰਘ ਨੇ ਸਾਧਸੰਗਤ ਵਿੱਚ ਪਹਿਲੀ ਵਾਰੀ ਖੜ੍ਹੋ ਕੇ ਇਸਦੇ ਉੱਤਰ ਵਿੱਚ ਬੜੇ ਸੋਹਣੇ ਢੰਗ ਨਾਲ ਰੌਸ਼ਨੀ ਪਾਈ ਕਿ ਅਸੀਂ ਸਾਧ-ਸੰਗਤ ਵਿੱਚ ਹੋਰ ਤਰ੍ਹਾਂ ਦੇ ਬਣ ਕੇ ਆਉਂਦੇ ਹਾਂ ਤੇ ਆਪਣੇ ਘਰ ਵਿੱਚ ਹੋਰ ਤਰ੍ਹਾਂ ਦੀ ਰਹਿਣੀ-ਬਹਿਣੀ ਹੈ। ਇਹ ਵਿਚਾਰ ਸਾਧ-ਸੰਗਤ ਵਿੱਚ ਸੋਢਾ ਪੀਣ ਵਾਲਿਆਂ ਉਤੇ ਟੀਕਾ-ਟਿੱਪਣੀ ਕਰਨ ਵਾਲਿਆਂ ਦੇ ਜਵਾਬ ਵਿੱਚ ਸੀ ਜਿਸ ਨਾਲ ਸੇਠ ਨਰੈਣ ਸਿੰਘ ਨੂੰ ਬਹੁਤ ਨਰਾਜ਼ਗੀ ਆਈ ਪਰ ਦੂਜੇ ਪਾਸੇ ਸੇਠ ਤਰਲੋਕ ਸਿੰਘ ਦੀ ਸ਼ਾਨ ਨੌਜਵਾਨ ਤਬਕੇ ਵਿੱਚ ਦਿਨੋ-ਦਿਨ ਵਧ ਰਹੀ ਸੀ। ਓਧਰ ਦੇਸ਼ ਤੋਂ ਆਈਆਂ ਖ਼ਬਰਾਂ ਤੋਂ ਪਤਾ ਲੱਗਾ ਕਿ ਹਿੰਦੂ-ਮੁਸਲਿਮ ਫ਼ਸਾਦ ਜ਼ੋਰਾਂ 'ਤੇ ਹੈ। ਪਿੰਡਪਿੰਡ, ਸ਼ਹਿਰ-ਸ਼ਹਿਰ ਵਿੱਚ ਝਗੜੇ ਵਧ ਰਹੇ ਹਨ। ਪਾਕਿਸਤਾਨ ਦੇ ਬਣਨ ਦੀ ਖ਼ਬਰ ਸੀ।

**(ਚੱਲਦਾ)........**

# ਰੁਦ੍ਰ ਅਵਤਾਰ: ਦੱਤਾਤ੍ਰੇਯ

✍-ਮਾਸਟਰ ਦਰਸ਼ਨ ਸਿੰਘ

ਦੱਤਾ ਤ੍ਰੇਯ ਜੀ ਆਪਣੇ ਚੇਲਿਆਂ ਸਮੇਤ ਤੁਰੇ ਜਾਂਦੇ ਹਨ।

"ਸੁਭ ਸੂਰਤ ਪੂਰਤ ਨਾਦ ਨਵੰ॥
ਅਤਿ ਉਜਲ ਅੰਗ ਬਿਭੂਤ ਰਿਖੰ॥
ਨਹੀ ਬੋਲਤ ਡੋਲਤ ਦੇਸ ਦਿਸੰ॥
ਗੁਨ ਚਾਰਤ ਧਾਰਤ ਧਯਾਨ ਹਰੰ॥"

ਮੁੱਖ ਤੋਂ ਪ੍ਰਭੂ ਸਿਮਰਨ ਨਾਲ ਤੇ ਧਿਆਨ ਪ੍ਰਭੂ ਦੀ ਸੂਰਤ ਨਾਲ ਨਵੇਂ ਤੋਂ ਨਵੇਂ ਨਾਮ ਦੀ ਆਵਾਜ਼ ਨਿਕਲ ਰਹੀ ਹੈ। ਸੁੰਦਰ ਅੰਗਾਂ ਉੱਤੇ ਸੁਆਹ ਮਲੀ ਹੋਈ ਹੈ। ਰਿਖੀ ਕਿਸੇ ਨਾਲ ਬੋਲਦਾ ਨਹੀਂ, ਦੇਸ਼ਾਂ ਦੇਸ਼ਾਂਤਰਾਂ ਵਿੱਚ ਫਿਰਦਾ, ਹਰੀ ਧਿਆਨ ਧਰਦਾ, ਪ੍ਰਭੂ ਦੇ ਗੁਣ ਗਾਉਂਦਾ ਜਾ ਰਿਹਾ ਹੈ।

"ਅਵਿਲੋਕਯ ਚਾਵੰਡਿ ਚਾਰੁ ਪ੍ਰਭੰ॥
ਗ੍ਰਿਹਿ ਜਾਤ ਉਡੀ ਗਹਿ ਮਾਸ ਮੁਖੰ॥
ਲਖਿ ਹੈ ਪਲ ਚਾਵੰਡਿ ਚਾਰ ਚਲੀ॥
ਤਿਹ ਤੇ ਅਤਿ ਪੁਸਟ ਪ੍ਰਮਾਥ ਬਲੀ॥
ਅਵਿਲੋਕਿਸ ਮਾਸ ਅਕਾਸ ਉਡੀ॥
ਅਤਿ ਜੁੱਧ ਤਹੀ ਤਿਹ ਸੰਗ ਮੰਡੀ॥
ਤਜਿ ਮਾਸ ਚੜਾ ਉਡਿ ਆਪ ਚਲੀ॥
ਲਹਿ ਕੈ ਚਿਤ ਚਾਵੰਡਿ ਚਾਰ ਬਲੀ॥"

ਉਸ ਨੇ ਇੱਕ ਸੁੰਦਰ ਸਰੂਪ ਵਾਲੀ ਇੱਲ ਵੇਖੀ ਜੋ ਮੂੰਹ ਵਿੱਚ ਮਾਸ ਲਈ ਉਡਦੀ ਹੋਈ ਘਰ ਨੂੰ ਜਾ ਰਹੀ ਹੈ। ਸੁੰਦਰ ਇੱਲ ਨੂੰ ਇੱਕ ਹੋਰ ਇੱਲ ਨੇ ਮਾਸ ਦਾ ਟੁਕੜਾ ਲੈ ਜਾਂਦਿਆਂ ਵੇਖਿਆ। ਜੋ ਉਸ ਤੋਂ ਜਿਆਦਾ ਤਕੜੀ, ਬਲਵਾਨ ਸੀ। ਉਸ ਨੂੰ ਮਾਸ ਦਾ ਟੁਕੜਾ ਲਈ ਅਕਾਸ਼ ਵਿੱਚ ਉਡਦੀ ਜਾਂਦੀ ਵੇਖ ਕੇ ਉੱਥੇ ਆਕਾਸ਼ ਵਿੱਚ ਹੀ ਯੁੱਧ ਮਚਾ ਦਿੱਤਾ। ਸੁੰਦਰ ਇੱਲ ਨੇ ਉਸ ਨੂੰ (ਦੂਜੀ ਇੱਲ ਨੂੰ) ਬਲਵਾਨ ਜਾਣ ਕੇ ਮਾਸ ਦਾ ਟੁਕੜਾ ਛੱਡ ਦਿੱਤਾ 'ਤੇ ਆਕਾਸ਼ ਵਿੱਚ ਉੱਡ ਗਈ। ਇਹ ਵੇਖ ਕੇ ਕਿ ਇਹ ਇੱਲ ਮੇਰੇ ਨਾਲੋਂ ਤਕੜੀ ਹੈ, ਲੜਾਈ ਤੇ ਮਾਸ ਦਾ ਟੁਕੜਾ ਛੱਡ ਕੇ ਆਰਾਮ ਨਾਲ ਧਰਤੀ 'ਤੇ ਬੈਠ ਗਈ। ਉਸਨੂੰ ਵੇਖ ਕੇ ਮੁਨੀ ਮਨ ਵਿੱਚ ਹੈਰਾਨ ਹੋ ਕੇ ਰਹਿ ਗਿਆ ਅਤੇ ਉਸਨੂੰ ਸੋਲ੍ਹਵਾਂ ਗੁਰੂ ਕਹਿ ਦਿੱਤਾ, ਰਿਸ਼ੀ ਕਹਿਣ ਲੱਗਾ–

"ਕੋਊ ਐਸ ਤਜੈ ਜਬ ਸਰਬ ਧਨੰ॥
ਕਰਿ ਕੈ ਬਿਨ ਆਸ ਉਦਾਸ ਮਨੰ॥
ਤਬ ਪਾਂਚਉ ਇੰਦ੍ਰੀ ਤਿਆਗ ਰਹੈ॥
ਇਨ ਚੀਲਨ ਜਿਉਂ ਸ੍ਰੁਤ ਐਸ ਕਹੈ॥"

ਜਦੋਂ ਕੋਈ ਜਿਸ ਤਰ੍ਹਾਂ ਇੱਲ ਨੇ ਸਾਰਾ ਮਾਸ ਤਿਆਗ ਦਿੱਤਾ ਹੈ, ਇਸ ਤਰ੍ਹਾਂ ਸਾਰਾ ਧਨ ਛੱਡ ਦੇਵੇ। ਮਨ ਨੂੰ ਆਸ ਤੋਂ ਬਿਨਾਂ ਵਿਰਕਤ ਕਰ ਲੈਂਦਾ ਹੈ ਤਦ ਪੰਜੇ ਇੰਦ੍ਰੀਆਂ ਵਿਸ਼ਿਆਂ ਨੂੰ ਤਿਆਗ ਕੇ ਅਚੱਲ ਹੋ ਜਾਂਦੀਆਂ ਹਨ, ਇਸ ਇੱਲ ਵਾਂਗ। ਇਸ ਤਰ੍ਹਾਂ ਛੱਡ ਦੇਣ ਲਈ ਵੇਦ ਕਹਿੰਦੇ ਹਨ।

ਇੱਲ ਨੂੰ ਸੋਲ੍ਹਵਾਂ ਗੁਰੂ ਧਾਰਨ ਕਰਕੇ ਦੱਤ ਰਿਸ਼ੀ ਉਦਾਸ ਚਿੱਤ ਨਾਲ ਆਪਣੇ ਰਾਹ ਪੈ ਗਿਆ।

"ਚਲ ਜਾਤ ਭਏ ਸਰਿਤਾ ਨਿਕਟੰ॥
ਹਰਵੰਤ ਰਿਖੰ ਤਪਸਾ ਬਿਕਟੰ॥
ਅਵਿਲੋਕ ਦੁਧੀਰਾ ਏਕ ਤਹਾ॥
ਉਛਰੰਤ ਹੁਤੇ ਨਦਿ ਮੱਛ ਜਹਾ॥
ਧਰਕੰਤ ਹੁਤੋ ਇਕ ਚਿਤ ਨਭੰ॥
ਅਤਿ ਉਜਲ ਅੰਗ ਸੁਰੰਗ ਸੁਭੰ॥
ਨਹੀ ਆਨ ਬਿਲੋਕਤਿ ਆਪ ਦ੍ਰਿਗੰ॥
ਇਹ ਭਾਂਤਿ ਰਹਯੋ ਗਡ ਮੱਛ ਮਨੰ॥"

ਜਾਂਦੇ ਜਾਂਦੇ ਚੇਲਿਆਂ ਸਮੇਤ ਦੱਤ ਇੱਕ ਨਦੀ ਦੇ ਕਿਨਾਰੇ ਪਹੁੰਚ ਗਿਆ, ਜੋ ਹੱਠ ਵਾਲਾ ਅਤੇ ਕਠੋਰ ਤਪੱਸਵੀ ਸੀ। ਓੱਥੇ ਉਸ ਨੇ ਇੱਕ ਦੁਧੀਰਾ ਪੰਛੀ ਵੇਖਿਆ, ਜਿੱਥੇ ਨਦੀ ਵਿੱਚ ਮੱਛੀਆਂ ਉੱਛਲ ਰਹੀਆਂ ਸਨ। ਉਹ ਪੰਛੀ ਇੱਕ ਚਿੱਤ ਹੋ ਕੇ ਆਕਾਸ਼ ਵਿੱਚ ਥਿਰਕ ਰਿਹਾ ਸੀ (ਗੋਲ ਘੇਰਾ ਬੰਨ ਕੇ ਉੱਡ ਰਿਹਾ ਸੀ)। ਜਿਸ ਦਾ ਸਰੀਰ ਬੜਾ ਸੁਹਣਾ ਸੁੰਦਰ ਰੰਗਾਂ ਵਾਲਾ ਸੀ। ਉਸ ਦਾ ਮਨ ਮੱਛੀਆਂ ਵਿੱਚ ਇਸ ਤਰ੍ਹਾਂ ਗੱਠਿਆ ਹੋਇਆ ਸੀ ਕਿਸੇ ਵੱਲ ਵੇਖਦਾ ਹੀ ਨਹੀਂ ਸੀ। ਉੱਥੇ ਜਾ ਕੇ ਮਹਾ ਮੁਨੀ ਨੇ ਇਸ਼ਨਾਨ ਕੀਤਾ, ਪਵਿੱਤਰ ਹੋ ਕੇ ਹਰੀ ਦੇ ਧਿਆਨ ਵਿੱਚ ਲੱਗ ਗਿਆ। ਉਹ ਮੱਛੀਆਂ ਦਾ ਵੈਰੀ (ਦੁਧੀਰਾ) ਇੰਨੇ ਚਿਰ ਤੱਕ ਵੀ ਉੱਥੋਂ ਨਹੀਂ ਹਟਿਆ, ਭਾਵੇਂ ਸੂਰਜ ਦਾ ਰੱਥ ਓੱਥੋਂ ਤੁਰ ਪਿਆ ਭਾਵ ਰਾਤ ਪੈ ਗਈ ਪਰ ਦੁਧੀਰੇ ਦੀ ਨਜ਼ਰ ਮੱਛੀਆਂ ਤੋਂ ਨਹੀਂ ਟਲੀ।

"ਥਰਕੰਤ ਰਹਾ ਨਭਿ ਮੱਛ ਕਟੰ॥
ਰਥ ਭਾਨ ਹਟਿਓ ਨਹੀ ਧਯਾਨ ਛੁਟੰ॥
ਅਵਿਲੋਕ ਮਹਾ ਮੁਨਿ ਮੋਹਿ ਰਹਿਓ॥
ਗੁਰ ਸਤ੍ਰਸਵੋਂ ਕਰ ਤਾਸ ਕਹਿਓ॥"

ਮੱਛੀਆਂ ਨੂੰ ਖਾਣ ਵਾਲਾ ਦੁਧੀਰਾ ਓੱਥੇ ਥਿਰਕਦਾ ਰਿਹਾ ਸੂਰਜ ਦਾ ਰੱਥ ਭਾਵੇਂ ਟਲ ਗਿਆ ਹੋਵੇ ਪਰ ਉਸ ਦਾ ਧਿਆਨ ਨਹੀਂ ਹਟਿਆ। ਇਹ ਵੇਖ ਕੇ ਮੁਨੀ ਦਾ ਮਨ ਮੋਹਿਆ ਗਿਆ ਅਤੇ ਉਸ ਨੂੰ ਸਤਾਰ੍ਹਵਾਂ ਗੁਰੂ ਕਹਿ ਦਿੱਤਾ।

ਇਸ ਤੋਂ ਅੱਗੇ ਮੁਨੀ ਜੀ ਬਾਰੇ ਕਲਗੀਧਰ ਪਾਤਸ਼ਾਹ ਜੀ ਲਿਖਦੇ ਹਨ:-

"ਕਰਿ ਮਜਨ ਗੋਬਿੰਦ ਗਾਇ ਗੁਨੰ॥
ਉਠਿ ਜਾਤਿ ਭਏ ਬਨ ਮਧਿ ਮੁਨੰ॥
ਜਹ ਸਾਲ ਤਮਾਲ ਮਢਾਲ ਲਸੈ॥
ਰਥ ਸੂਰਜ ਕੋ ਪਗ ਬਾਜ ਫਸੈ॥
ਅਵਿਲੋਕ ਤਹਾ ਇਕ ਤਾਲ ਮਹਾ॥
ਰਿਖਿ ਜਾਤ ਭਏ ਹਿਤ ਜੋਗ ਜਹਾ॥
ਤਹ ਪਤ੍ਰਨ ਮਧ ਲਹਯੋ ਮ੍ਰਿਗਹਾ॥
ਤਹ ਸੋਭਤ ਕੰਚਨ ਸੁਧ ਪ੍ਰਭਾ॥"

ਇਸ਼ਨਾਨ ਕਰਕੇ ਪ੍ਰਮੇਸ਼ਰ ਦੇ ਗੁਣਾਂ ਦਾ ਗਾਇਨ ਕਰਦਾ ਹੋਇਆ ਮੁਨੀ ਜੰਗਲ ਵਿੱਚ ਚਲਾ ਗਿਆ। ਜਿੱਥੇ ਸਾਲ, ਤਮਾਲ ਆਦਿ ਨਾਮ ਦੇ ਸੰਘਣੇ ਰੁੱਖਾਂ ਦਾ ਜੰਗਲ ਸੀ। ਸੰਘਣੇ ਰੁੱਖਾਂ ਦੇ ਕਾਰਨ ਸੂਰਜ ਨਹੀਂ ਸੀ ਦਿਸਦਾ। ਮਾਨੋ ਸੂਰਜ ਦੇ ਰਥ ਦੇ ਘੋੜਿਆਂ ਦੇ ਪੈਰ ਫਸਦੇ ਸਨ। ਉੱਥੇ ਉਸ ਨੇ ਇੱਕ ਵੱਡਾ ਤਲਾ ਵੇਖਿਆ, ਉੱਥੇ ਯੋਗ ਸਾਧਨਾ ਕਰਨ ਲਈ ਚਲਿਆ ਗਿਆ। ਓਥੇ ਪੱਤਿਆਂ ਦੇ ਉਹਲੇ ਮ੍ਰਿਗਹਾ (ਹਰਨਾ ਦਾ ਵੈਰੀ) ਸ਼ਿਕਾਰੀ ਵੇਖਿਆ, ਜਿਸ ਦਾ ਸਰੀਰ ਸੋਨੇ ਵਾਂਗ ਚਮਕਦਾ ਸੀ।

ਉਸ (ਸ਼ਿਕਾਰੀ) ਦੇ ਹੱਥ ਵਿੱਚ ਫੜ੍ਹੀ ਕਮਾਨ ਵਿਚਲਾ ਲਿਸ਼ਕਦਾ ਹੋਇਆ ਤੀਰ ਕੱਸਿਆ ਹੋਇਆ ਸੀ ਅਤੇ ਹਿਰਨਾਂ ਨੂੰ ਮਾਰਨ ਲਈ ਕਰੋੜਾਂ ਢੰਗ ਵਰਤਦਾ ਸੀ। ਮੁਨੀ ਜੀ ਆਪਣੇ ਚੇਲਿਆਂ ਸਮੇਤ ਉਸੇ ਜੰਗਲ ਵਿੱਚ ਚਲੇ ਗਏ। ਰਾਤ ਨੂੰ ਹਨ੍ਹੇਰੇ ਦਾ ਸਮਾਂ ਸੀ, ਉਸ ਸੁੰਦਰ ਤਲਾਅ ਨੂੰ ਵੇਖ ਕੇ ਇਸ਼ਨਾਨ ਕਰਨ ਲਈ ਚਲੇ ਗਏ। ਰਿਖੀ ਆਪਣੇ ਚੇਲਿਆਂ ਨਾਲ ਉੱਚੀ-ਉੱਚੀ ਵਾਰਤਾਲਾਪ ਕਰ ਰਹੇ ਹਨ। ਕੋਈ ਸਾਧੂ ਜਲ ਛਕਦਾ ਹੈ ਕੋਈ ਚੁਲਾ ਕਰਦਾ ਹੈ।

ਓਧਰ ਉਹ ਸ਼ਿਕਾਰੀ ਸ਼ਿਕਾਰ ਦੀ ਟੋਹ ਵਿੱਚ ਬੈਠਾ ਹੈ, ਜਿਵੇਂ ਕੋਈ ਭਿਆਨਕ ਬਘਿਆੜ, ਭੇਡਾਂ ਨੂੰ ਮਾਰਨ ਵਾਲਾ, ਛੇਲੀਆਂ ਵੱਲ ਵੇਖ ਰਿਹਾ ਹੋਵੇ ਹਨੇਰੇ ਵਿੱਚ ਸ਼ਿਕਾਰੀ ਨੇ ਰਿਸ਼ੀ ਨੂੰ ਹਿਰਨ ਸਮਝ ਕੇ ਸਾਹ ਰੋਕ ਲਿਆ ਅਤੇ ਮੁਨੀ ਨੂੰ ਮਾਰਨ ਲਈ ਤੀਰ ਖਿੱਚ ਲਿਆ।

"ਸਰ ਪੇਖਿ ਸਭੈ ਤਿਹ ਸਾਧ ਕਹੈ॥
ਮ੍ਰਿਗ ਹੋਇ ਨ ਰੇ ਮੁਨਿ ਰਾਜ ਇਹੈ॥
ਨਹ ਬਾਨ ਸਰਾਸਨ ਪਾਨ ਤਜੈ॥
ਅਸ ਦੇਖਿ ਦ੍ਰਿੜੈ ਮਨਿ ਗਜ ਲਜੈ॥
ਬਹੁਤੇ ਚਿਰ ਜਿਉ ਤਿਹ ਧਯਾਨ ਛੁਟਾ॥
ਅਵਿਲੋਕਿ ਧਰੇ ਰਿਖਿ ਪਾਲ ਜਟਾ॥
ਕਸ ਆਵਤ ਹੋ ਡਰੁ ਡਾਰਿ ਅਬੈ॥
ਮੁਹਿ ਲਾਗਤ ਹੋ ਮ੍ਰਿਗ ਰੂਪ ਸਬੈ॥
ਰਿਖਿ ਪਾਲ ਬਿਲੋਕਿ ਤਿਸੈ ਦ੍ਰਿੜਤਾ॥
ਗੁਰ ਮਾਨ ਕਰੀ ਬਹੁਤੇ ਉਪਮਾ॥
ਮ੍ਰਿਗ ਸੋ ਜਿਹ ਕੋ ਚਿਤ ਐਸ ਲਗਯੋ॥
ਪ੍ਰਮੇਸਰ ਕੈ ਰਸ ਜਾਨ ਪਗਯੋ॥
ਮੁਨਿ ਕੋ ਤਬ ਪ੍ਰੇਮ ਪ੍ਰਸੰਨ ਹੀਆ।
ਗੁਰ ਠਾਰਸਮੋਂ ਮ੍ਰਿਗ-ਨਾਸ ਕੀਆ॥"

ਸਾਰਿਆਂ ਸਾਧਾਂ ਨੇ ਕੱਸੇ ਹੋਏ ਤੀਰ ਨੂੰ ਵੇਖ ਕੇ ਉਸ ਨੂੰ ਕਿਹਾ ਇਹ ਹਿਰਨ ਨਹੀਂ, ਇਹ ਤਾਂ ਮੁਨੀ ਰਾਜ ਹੈ (ਪਰ) ਉਸਨੇ ਹੱਥ ਵਿੱਚੋਂ ਧਨੁਸ਼ ਬਾਣ ਨਹੀਂ ਛੱਡਿਆ। ਉਸ ਦੀ ਅਜੇਹੀ ਦ੍ਰਿੜਤਾ ਵੇਖ ਕੇ ਮੁਨੀ ਰਾਜ (ਦੱਤ) ਸ਼ਰਮ ਸਾਰ ਹੋਏ। ਬਹੁਤ ਸਮੇਂ ਬਾਅਦ ਸ਼ਿਕਾਰੀ ਦਾ ਧਿਆਨ ਛੁੱਟਿਆ ਤਾਂ ਵੇਖਿਆ ਕਿ ਇਹ ਜਟਾਵਾਂ ਵਾਲਾ ਰਿਸ਼ੀ ਹੈ। ਉਸ ਨੇ ਕਿਹਾ ਤੁਸੀਂ ਡਰ ਛੱਡ ਕੇ ਹੁਣ ਕਿਸ ਵਾਸਤੇ ਲਗੇ ਆਉਂਦੇ ਹੋ, ਮੈਨੂੰ ਤਾਂ ਤੁਸੀ ਸਾਰੇ ਹਿਰਨ ਰੂਪ ਹੀ ਲੱਗਦੇ ਹੋ।

ਉਸ ਸ਼ਿਕਾਰੀ ਦੀ ਇਸ ਦ੍ਰਿੜਤਾ ਨੂੰ ਵੇਖ ਕੇ ਉਸ ਨੂੰ ਗੁਰੂ ਮੰਨ ਕੇ ਬਹੁਤ ਉਪਮਾ ਕੀਤੀ, ਮੁਨੀ ਦਾ ਹਿਰਦਾ ਪ੍ਰੇਮ ਨਾਲ ਪਸੀਜ ਗਿਆ ਅਤੇ ਹਿਰਨ ਮਾਰਨ ਵਾਲੇ ਨੂੰ ਅਠਾਰਵਾਂ ਗੁਰੂ ਮੰਨ ਲਿਆ। ਦੱਤ ਨੇ ਮਨ ਵਿਚਾਰ ਕੀਤੀ ਅਤੇ ਸ਼ਿਕਾਰੀ ਦੇ ਗੁਣਾਂ ਨੂੰ ਮਨ ਵਿੱਚ ਵਸਾ ਲਿਆ। ਅਤੇ ਕਿਹਾ-

"ਹਰਿ ਸੋ ਹਿਤ ਜੋ ਇਹ ਭਾਂਤਿ ਕਰੈ॥
ਭਵ ਭਾਰ ਅਪਾਰਹ ਪਾਰ ਪਰੈ॥"

ਜੇ ਕੋਈ ਹਰੀ ਨਾਲ ਇਸ ਤਰ੍ਹਾਂ ਪਿਆਰ ਕਰੇਗਾ, ਤਾਂ ਉਹ ਦੁਤਰ ਸੰਸਾਰ ਸਾਗਰ ਨੂੰ ਪਾਰ ਕਰ ਲਵੇਗਾ ਅਤੇ ਉਸ ਦਾ ਸੰਸਾਰ ਤੇ ਆਉਣਾ ਜਾਣਾ ਮੁੱਕ ਜਾਵੇਗਾ। ਸਾਰੇ ਹੀ ਸੇਵਕਾਂ ਸਮੇਤ ਸ਼ਿਕਾਰੀ ਦੇ ਪੈਰ ਫੜ ਲਏ, ਜਿਸ ਨੂੰ ਵੇਖ ਸਭ ਜੜ੍ਹ, ਚੇਤਨ, ਪਸ਼ੂ, ਪੰਛੀ, ਚਰ, ਅਚਰ, ਗਣ, ਗੰਧਰਬ, ਭੂਤ, ਪਿਸਾਚ ਆਦਿ ਸਾਰੇ ਹੈਰਾਨੀ ਦੀ ਅਵਸਥਾ ਵਿੱਚ ਹੋ ਗਏ।

ਆਪਣੇ ਰਸਤੇ ਮੁਨੀ ਜੀ ਅੱਗੇ ਜਾ ਰਹੇ ਹਨ, ਤਾਂ ਕੀ ਵੇਖਿਆ-

"ਨਲਿਨੀ ਸੂਅੰ॥ ਲਖਿ ਅਉਧੂਅੰ॥"

ਇੱਕ ਨਲਕੀ ਉੱਤੇ ਤੋਤਾ ਪੁੱਠਾ ਲਟਕਿਆ ਵੇਖਿਆ ਜਦ ਉਸ ਤੋਤੇ ਨੂੰ ਪਿੰਜਰੇ ਵਿੱਚੋਂ ਕੱਢਿਆ ਤਾਂ ਤੋਤਾ ਝਟਪਟ ਉੱਡ ਗਿਆ। ਇਸ ਤਰ੍ਹਾਂ ਆਤਮਾ ਭ੍ਰਮ ਵਿੱਚ ਜੁਟੀ ਹੋਈ ਹੈ। ਇਹ ਵੇਖ ਕੇ ਤੋਤੇ ਨੂੰ ਉੱਨੀਵਾਂ ਗੁਰੂ ਧਾਰਨ ਕਰ ਲਿਆ।

ਦੱਤ ਨੇ ਵਿਚਾਰਿਆ ਕਿ ਮਨੁੱਖ ਅਕਲ ਦਾ ਘਰ ਹੈ, ਘਰ ਵਿੱਚ ਇਸਤਰੀ ਨਾਲ ਲੀਨ ਹੈ, ਮੋਹ ਵਿੱਚ ਭਰਮਦਾ ਫਿਰਦਾ ਹੈ, ਭੋਗਾਂ ਵਿੱਚ ਮਗਨ ਹੈ। ਮੋਹ ਵਿੱਚ ਗ੍ਰਸਿਆ ਹੋਇਆ ਕਾਮਨਾਵਾਂ ਨੂੰ ਧਾਰਨ ਕਰਦਾ ਹੈ, ਕ੍ਰੋਧ ਵਿੱਚ ਸੜਦਾ ਹੈ। ਮਾਇਆ ਵਿੱਚ ਫਸਿਆ ਹੋਇਆ ਹੈ। ਪਰ ਜਿਹੜੇ ਮਾਇਆ ਨੂੰ (ਇਸ ਤੋਤੇ ਵਾਂਗ ਨਲਕੀ ਨੂੰ) ਛੱਡ ਦੇਂਦੇ ਹਨ, ਉਹਨਾਂ ਦੇ ਸਾਰੇ ਕਰਮ ਸਫਲ ਹੋ ਜਾਂਦੇ ਹਨ ਅਤੇ ਸਾਰੇ ਸੁੱਖ ਪ੍ਰਾਪਤ ਕਰ ਲੈਂਦੇ ਹਨ। ਇਹ ਵਿਚਾਰ ਲੈ ਕੇ ਤੋਤੇ ਨੂੰ ਉੱਨੀਵਾਂ ਗੁਰੂ ਧਾਰਨ ਕੀਤਾ।

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ**
**ਨਾ ਮਰਿਯਾਦਾ ਵਿੱਚ ਆਉਂਦਾ ਹੈ**
**ਫਿਰ ਕਿਉਂ ਖਾਧਾ ਜਾਏ।**

# ਸਹਿਜ ਸ਼ਾਂਤ ਅਤੇ ਅਡੋਲ ਸਤਿਗੁਰੂ

-ਸੁਵਰਨ ਸਿੰਘ ਵਿਰਕ

ਇਸ ਸਮੇਂ ਨਾਮਧਾਰੀ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਭੈਣੀ ਸਾਹਿਬ ਦੀ ਗੁਰਤਾ ਗੱਦੀ ਉੱਤੇ,ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬਿਰਾਜਮਾਨ ਹਨ। ੧੩ ਦਸੰਬਰ ੨੦੧੨ ਈ. ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬ੍ਰਹਮਲੀਨ ਹੋਣ ਬਾਅਦ ,੧੪ ਦਸੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਦੇਸ਼ ਵਿਦੇਸ਼ ਦੀਆਂ ਹਜ਼ਾਰਾਂ ਸੰਗਤਾਂ ਅਤੇ ਉੱਘੀਆਂ ਸਮਾਜਿਕ,ਧਾਰਮਿਕ ਅਤੇ ਸਿਆਸੀ ਹਸਤੀਆਂ ਦੇ ਇਕੱਠ ਵਿੱਚ,ਸਤਿਗੁਰੂ ਜੀ ਦੀ ਦੇਹ ਅਗਨ ਭੇਟ ਕਰਨ ਉਪਰੰਤ ਹੋਈ ਅਰਦਾਸ ਵਿੱਚ, ਜਗਤ ਮਾਤਾ ਚੰਦ ਕੌਰ ਜੀ ਦਾ ਸਤਿਗੁਰੂ ਜੀ ਵੱਲੋਂ ਓਹਨਾਂ ਦੇ ਜ਼ਿੰਮੇ ਲਾਇਆ ਇਹ ਆਦੇਸ਼ ਸੰਗਤ ਨੂੰ ਸੁਣਾਇਆ ਗਿਆ ਸੀ ਕਿ ਨਾਮਧਾਰੀ ਪੰਥ ਦੀ ਅਗੁਆਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਕਰਨਗੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਵਿੱਚ ਮੁਰਝਾਈ ਸੰਗਤ, ਮਾਤਾ ਜੀ ਦਾ ਇਹ ਹੁਕਮ ਸੁਣਕੇ, ਹੌਂਸਲੇ, ਹਿੰਮਤ ਅਤੇ ਉਤਸ਼ਾਹ ਵਿੱਚ ਆ ਗਈ।ਉਹਨਾਂ ਨੂੰ ਇਹ ਆਸ ਬੱਝ ਗਈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਮਹਾਨ ਪੰਥ ਦੇ ਅਗਲੇ ਰਹਿਨੁਮਾ, ਉਹਨਾਂ ਦਾ ਸਹੀ ਮਾਰਗ ਦਰਸ਼ਨ ਕਰਕੇ, ਉਹਨਾਂ ਦਾ ਹਲਤ ਪਲਤ ਸੁਆਰਨ ਦੇ ਸਮਰੱਥ ਹੋਣਗੇ। ਫਿਰ ਸ੍ਰੀ ਸਤਿਗੁਰੂ ਜੀ ਨਮਿੱਤ ਹੋਏ ਵਿਸ਼ਾਲ ਭੋਗ ਸਮਾਗਮ ਸਮੇਂ ਜਦੋਂ ਆਪ ਜੀ ਨੂੰ ਨਾਮਧਾਰੀ ਪੰਥ ਦੀ ਗੁਰਤਾ ਦੀ ਦਸਤਾਰ ਗੁਰੂ ਕੇ ਸੇਵਕਾਂ ਵੱਲੋਂ ਅਰਪਿਤ ਕੀਤੀ ਗਈ ਤਾਂ ਜਿਸ ਸਮੇਂ ਆਪ ਜੀ ਨੇ ਇਹ ਦਸਤਾਰ ਸਜਾ ਕੇ, ਉੱਠ ਕੇ ਮੰਚ ਤੇ ਸੰਗਤ ਨੂੰ ਦਰਸ਼ਨ ਦਿੱਤੇ ਤਾਂ ਕਈ ਦਿਨਾਂ ਤੋਂ ਲਗਾਤਾਰ ਪੈ ਰਹੀ ਧੁੰਦ ਵਿੱਚੋਂ, ਐਨ ਉਸੇ ਸਮੇਂ ਸੂਰਜ ਵੀ ਦੇਖ ਇਨਾਂ ਬੱਦਲਾਂ ਵਿੱਚੋਂ ਬਾਹਰ ਆ ਗਿਆ। ਨਾਮਧਾਰੀ ਜਗਤ ਦੇ ਉਦੇ ਹੋ ਰਹੇ ਸੂਰਜ ਦੇ ਸੁਆਗਤ ਸਤਿਕਾਰ ਲਈ ਅੰਬਰਾਂ ਦਾ ਸੂਰਜ ਵੀ ਆਪਣੀ ਹਾਜ਼ਰੀ ਲੁਅਉਣ ਲਈ ਆ ਗਿਆ ਸੀ।

ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਫੌਰਨ ਬਾਅਦ ਪੱਤਰਕਾਰਾਂ ਨੇ ਆਪ ਜੀ ਨੂੰ ਆਪ ਦੇ ਆਗਾਮੀ ਪ੍ਰੋਗਰਾਮ ਬਾਰੇ ਪੁੱਛਿਆ।ਆਪ ਦਾ ਜੁਆਬ ਸੀ ਕਿ ਸਾਡਾ ਪ੍ਰੋਗਰਾਮ ਤਾਂ ਉਹ ਹੀ ਹੈ ਜੋ ਸਾਡੇ ਲਈ ਸਾਡੇ ਮੁਰਸ਼ਦ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਹਿ ਕਰ ਗਏ ਸਨ। ਸਾਡਾ ਸਾਰਾ ਸਮਾਂ ਤਾਂ ਆਪ ਜੀ ਦੇ ਉਲੀਕੇ ਹੋਏ ਪ੍ਰੋਗਰਾਮ ਨੂੰ ਮੂਰਤੀਮਾਨ ਕਰਨ ਵਿੱਚ ਬਤੀਤ ਹੋਏਗਾ। ਸਤਿਗੁਰੂ ਜੀ ਨੇ ਪਿਛਲੇ ਪੰਜ ਛੇ ਸਾਲਾਂ ਵਿੱਚ, ਆਪਾਂ ਵੇਖਿਆ ਹੈ ਕਿ ਆਪਣਾ ਇੱਕ-ਇੱਕ ਪਲ, ਕਿਸ ਤਰ੍ਹਾਂ ਸਤਿਗੁਰੂ ਜੀ ਦੇ ਕਾਰਜ਼ ਕਰਮ ਦੀ ਪੂਰਤੀ ਹਿੱਤ ਅਰਪਿਤ ਕਰ ਰੱਖਿਆ ਹੈ।

ਸਤਿਗੁਰੂ ਜਗਜੀਤ ਸਿੰਘ ਦੇ ਆਪ ਇੱਕ ਸਮਰਪਿਤ ਸਿੱਖ ਰਹੇ ਹਨ। ਆਪ ਜੀ ਦਾ ਸਾਰਾ ਪਿਛਲਾ ਜੀਵਨ ਇੱਕ ਮਿਸਾਲੀ ਸਿੱਖ ਦਾ ਜੀਵਨ ਸੀ। ਬਚਪਨ ਵਿੱਚ ਆਪ ਨੇ ਮੁੱਢਲੀ ਵਿੱਦਿਆ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ, ਸ੍ਰੀ ਜੀਵਨ ਨਗਰ ਵਿੱਚੋਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੇਖ ਰੇਖ ਵਿੱਚ ਸੁਯੋਗ ਅਧਿਆਪਕਾਂ ਪਾਸੋਂ ਹਾਸਿਲ ਕੀਤੀ। ਇਸ ਸਮੇਂ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸ਼ਤਰੀ ਸੰਗੀਤ ਦਾ ਗਿਆਨ ਵੀ ਹਾਸਿਲ ਕੀਤਾ। ਦਿਲਰੁਬਾ ਆਪ ਜੀ ਦਾ ਮਨਪਸੰਦ ਸਾਜ਼ ਹੈ।

ਆਪ ਜੀ ਦਾ ਪ੍ਰਕਾਸ਼ ਦੇਵ ਭੂਮੀ,ਸ੍ਰੀ ਭੈਣੀ ਸਾਹਿਬ ਵਿਖੇ, ੫ ਸਾਵਣ ਦਿਨ ਸ਼ਨੀਵਾਰ, ਅੰਮ੍ਰਿਤ ਵੇਲੇ ਚਾਰ ਵਜੇ, ਸੰਮਤ ੨੦੧੫ ਬਿਕ੍ਰਮੀ ਮੁਤਾਬਿਕ ੨੦ ਜੁਲਾਈ ੧੯੫੮ ਈ. ਨੂੰ ਹੋਇਆ।ਇਸ ਸਮੇਂ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਬਿਰਾਜਮਾਨ ਸਨ। ਆਪ ਇੱਕ ਸਾਲ, ਇੱਕ ਮਹੀਨੇ ਤੇ ਇੱਕ ਜਾਂ ਦੋ ਦਿਨਾਂ ਦੀ ਆਰਜਾ ਵਿੱਚ ਹੀ ਸਨ ਜਦੋਂ ਸ੍ਰੀ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ ਅਤੇ ਗੁਰਤਾ ਗੱਦੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਸੁਸ਼ੋਭਿਤ ਹੋ ਗਏ। ਬੇਬੇ ਦਲੀਪ ਕੌਰ ਜੀ ਦੀ ਦੇਖ ਰੇਖ ਵਿੱਚ ਜੋ ਆਪਦਾ ਬਚਪਨ ਬਤੀਤ ਹੋਇਆ ਉਸ ਵਿੱਚ ਬਹੁਤ ਵਧੀਆ ਸੰਸਕਾਰ ਆਪ ਨੇ ਘਰ ਪਰਿਵਾਰ ਵਿੱਚੋਂ ਹੀ ਗ੍ਰਹਿਣ ਕੀਤੇ ਸਨ। ਬੇਬੇ ਜੀ ਦੇ ਨਮਿੱਤ ਭੋਗ ਮੇਲੇ ਦੇ ਸਮੇਂ, ੪ ਫਰਵਰੀ ੨੦੧੮ ਨੂੰ ਮਸਤਾਨ ਗੜ੍ਹ ਸੰਗਤਾਂ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਸਦ-ਉਪਦੇਸ਼ ਵਿੱਚ ਬੇਬੇ ਜੀ ਬਾਰੇ ਫ਼ੁਰਮਾਇਆ ਸੀ।ਜਦੋਂ ਮੈਂ ਹੋਸ਼ ਸੰਭਾਲੀ ਉਨ੍ਹਾਂ ਨੂੰ ਝਾੜੂ ਮਾਰਦੇ ਵੇਖਿਆ ਮੈਂ ਉਹਨਾਂ ਨੂੰ ਦੁੱਧ ਰਿੜਕਦੇ ਵੇਖਿਆ ਬਾਹਰੋਂ ਆਏ ਸਿੱਖ ਨੂੰ ਉੱਠਕੇ ਪਰਸ਼ਾਦਾ ਬਣਾ ਕੇ ਛਕਾਂਦੇ ਵੇਖਿਆ। ਜਦੋਂ ਤੁਹਾਨੂੰ ਹੰਕਾਰ ਹੁੰਦਾ ਹੈ ਕਿ ਮੈਂ ਕਿਸੇ ਵੱਡੇ ਘਰ ਦਾ ਜਾਇਆ ਹਾਂ, ਉਹ ਹੰਕਾਰ ਦਾ ਕੰਡਾ ਸਾਰੀ ਉਮਰ ਦੁੱਖ ਦਿੰਦਾ ਹੈ। ਇਸ ਹੰਕਾਰ ਦਾ ਨਾਸ ਬੇਬੇ ਜੀ ਦੇ ਦਰਸ਼ਨ ਕਰਦਿਆਂ, ਉਹਨਾਂ ਦੇ ਨੇੜੇ ਹੁੰਦਿਆ ਹੋਇਆ ਹੈ।

ਇਕੋ ਛੋਟੀ ਜਿਹੀ ਗੱਲ ਮੈਂ ਸਾਂਝੀ ਕਰਨੀ ਚਾਹਾਂਗਾ। ਜਿਹੜੇ ਸੱਚੇ ਪਾਤਸ਼ਾਹ ਦੇ ਸੇਵਕ ਹਨ, ਉਹਨਾਂ ਨੇ ਰਸਨਾਂ ਤੋਂ ਸੁਣੀ ਹੋਵੇਗੀ। ਸੱਚੇ ਪਾਤਸ਼ਾਹ ਜੀ ਕਿਸੇ ਨੂੰ ਵਡਿਆਈ ਦਿੰਦੇ ਸਨ, ਕਿਸੇ ਦੀ ਵਡਿਆਈ ਕਰਦੇ ਸਨ, ਆਪ ਚੰਗਾ ਕੰਮ ਕਰਾਕੇ ਮੁੜ ਵਡਿਆਈ ਉਸ ਦੀ ਕਰਨੀ, ਇਹ ਸੱਚੇ ਪਾਤਸ਼ਾਹ ਜੀ ਦੀ ਜਗ੍ਹਾ ਸੀ। ਮੇਰੀ ਉਮਰ ਓਦੋਂ ਬਹੁਤ ਛੋਟੀ ਸੀ। ੭-੮ ਜਾਂ ੧੦ ਸਾਲ। ਮੈਂ ਖਰਬੂਜੇ ਚੁੱਕੀ ਆਉਂਦਾ ਸਾਂ। ਮੈਨੂੰ ਰਸਤੇ ਵਿੱਚ ਸੱਚੇ ਪਾਤਸ਼ਾਹ ਮਿਲ ਗਏ। ਸੱਚੇ ਪਾਤਸ਼ਾਹ ਹੁਕਮ ਕੀਤਾ, "ਕਾਕਾ ਇਹ ਖਰਬੂਜੇ ਕਿੱਥੇ ਲੈਕੇ ਜਾ ਰਿਹਾ ਏਂ?" ਮੈਂ ਕਿਹਾ, " ਜੀ ਖਾਣ ਵਾਸਤੇ ਲੈਕੇ ਚੱਲਿਆ।" ਸੱਚੇ ਪਾਤਸ਼ਾਹ ਹੁਕਮ ਕੀਤਾ ਕਿ ਮੈਂ ਵੀ ਖਾਣੇ ਨੇ। ਮੈਂ ਕਿਹਾ ਕਿ ਗਰੀਬ ਨਿਵਾਜ਼ ਜੀ ਆਪ ਨੇ ਛਕਣੇ ਹਨ ਤਾਂ ਮੈਂ ਮਿੱਠੇ ਲੈਕੇ ਆਉਂਦਾ ,ਇਹ ਏਨੇ ਵਧੀਆ ਨਹੀਂ ਹਨ। ਇਹ ਗੱਲ ਸੱਚੇ ਪਾਤਸ਼ਾਹ ਨੇ ਬੜੀ ਵਾਰ ਸੁਣਾਈ ਕਿ ਕਾਕੇ ਨੂੰ ਮਿੱਠਿਆਂ ਨਾਲ ਮਤਲਬ ਨਹੀਂ ਸੀ। ਇਹਨੂੰ ਜੋ ਮਿਲ ਗਿਆ ਇਹਨੇ ਖਾ ਲੈਣਾ ਸੀ।

ਇਹਦੇ ਪਿੱਛੇ ਇਹ ਗੱਲ ਸੀ ਕਿ ਬੇਬੇ ਜੀ ਨੇ ਹਮੇਸ਼ਾਂ ਇਹੀ ਸਿਖਾਇਆ ਕਿ ਕੋਈ ਵੀ ਚੰਗੀ ਚੀਜ਼ ਹੈ, ਉਹ ਸੱਚੇ ਪਾਤਸ਼ਾਹ ਨੂੰ ਛਕਾਉਣੀ, ਉਹਨਾਂ ਦੀ ਸੇਵਾ ਦਾ ਬੜਾ ਪ੍ਰਭਾਵ ਪਿਆ।

ਬੇਬੇ ਜੀ ਨੇ ਸਭ ਨੂੰ ਨਾਲ ਲੈ ਲੈਣਾ। ਕਹਿਣਾ, "ਕਾਕਾ ਸਾਰਿਆਂ ਬੱਚਿਆਂ ਨੂੰ ਲੈਕੇ ਆਜਾ ਆਪਾਂ ਨਰਮਾਂ ਚੁਗਣ ਚੱਲੀਏ।" ਅਸਾਂ ਸਾਰੀ- ਸੰਗਤ ਨਾਲ ਨਰਮਾਂ ਚੁਗਣਾਂ। ਸਤਿਗੁਰੂ ਜੀ ਦਾ ਹੁਕਮ ਹੋਣਾ, "ਕਾਕਾ ਜਾਓ ਜਾ ਕੇ ਭਾਂਡੇ ਮਾਂਜੋ।" ਇਸ ਤਰ੍ਹਾਂ ਮਨ ਵਿੱਚ ਨਿਰਮਾਣਤਾ ਪੈਦਾ ਹੁੰਦੀ ਹੈ।

ਦੂਸਰੀ ਜਿਹੜੀ ਸਭ ਤੋਂ ਵੱਡੀ ਮੇਰੇ 'ਤੇ ਕਿਰਪਾ ਕੀਤੀ ਕਿ ਬਚਪਨ ਤੋਂ ਮੈਨੂੰ ਇਹ ਆਖਿਆ, " ਕਾਕਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨੂੰ ਕਦੀ ਨਾਂ ਛੱਡੀਂ। ਜੋ ਇਹਨਾਂ ਦਾ ਹੁਕਮ ਹੈ, ਉਹ ਮੇਰੇ ਤੋਂ , ਤੇਰੇ ਮਾਪਿਆਂ ਦੇ ਹੁਕਮ ਤੋਂ ਉੱਤੇ ਹੈ। ਸੱਚੇ ਪਾਤਸ਼ਾਹ ਜੀ ਦਾ ਹੁਕਮ ਪਹਿਲੇ ਹੈ, ਮਾਪਿਆਂ ਦਾ ਬਾਅਦ ਵਿੱਚ ਹੈ।" ਉਪਰੋਕਤ ਗੁਰ-ਉਪਦੇਸ਼ ਵਿੱਚ ਬੜੇ ਸਰਲ ਅਤੇ ਸਪਸ਼ਟ ਸ਼ਬਦਾਂ ਵਿੱਚ ਸਿੱਖੀ ਦੇ ਸਾਰ-ਤੱਤ ਦੀ ਵਿਆਖਿਆ ਕੀਤੀ ਗਈ ਹੈ। ਸਤਿਗੁਰੂ ਦੇ ਹੁਕਮਾਂ ਤੇ ਹਮੇਸ਼ਾਂ ਫੁੱਲ ਚੜ੍ਹਾਉਣ ਲਈ ਤਤ ਪਰ ਰਹਿਣਾ। ਸਤਿਗੁਰੂ ਦੇ ਹਰ ਆਦੇਸ਼ ਦੀ ਪਾਲਣਾ, ਬਿਨਾਂ ਕੋਈ ਮੀਨ ਮੇਖ ਕੱਢਣ ਦੇ। ਇਹਨਾਂ ਬਚਨਾਂ ਦੀ ਪਾਲਣਾ ਵਿੱਚ ਆਪਣੇ ਹਾਨ ਲ਼ਾਭ, ਸੁੱਖ-ਦੁੱਖ ਜਾਂ ਮਾਨ ਅਪਮਾਨ ਨੂੰ ਹਮੇਸ਼ਾਂ ਦੂਜੇ ਨੰਬਰ 'ਤੇ ਰੱਖਣਾਂ। ਸ੍ਰੀ ਉਦੇ ਸਿੰਘ ਦੇ ਰੂਪ ਵਿੱਚ ਆਪ ਨੇ ਹਮੇਸ਼ਾਂ, ਧਰੂ ਤਾਰੇ ਜਿਉਂ ਬੇਬੇ ਜੀ ਦੇ ਉਪਰੋਕਤ ਬਚਨਾਂ ਦੀ ਸੇਧ ਵਿੱਚ ਆਪਣਾ ਸਾਰਾ ਸਮਾਂ ਗੁਜਾਰਿਆ। ਸਤਿਗੁਰੂ ਜੀ ਨੇ ਨਾਮਧਾਰੀ ਬੱਚਿਆਂ ਦੀ ਹਾਕੀ ਦੀ ਟੀਮ ਤਿਆਰ ਕਰਨ ਦਾ ਹੁਕਮ ਦਿੱਤਾ ਤਾਂ ਇਸ ਲਗਨ ਨਾਲ ਕਾਰਵਾਈ ਕੀਤੀ ਕਿ ਓਲੰਪੀਅਨ ਪੈਦਾ ਕਰਨ ਵਾਲੀ ਟੀਮ ਨੇ ਗੁਰੂ ਕੀਆਂ ਖੁਸ਼ੀਆਂ ਵੀ ਲਈਆਂ ਉੱਥੇ ਬ੍ਹਹੁਤ ਸਾਰੇ ਨਾਮਧਾਰੀ ਨੌਜੁਆਨ ਇਸ ਖੇਡ ਦੇ ਸਹਾਰੇ ਵੱਡੀਆਂ ਨੌਕਰੀਆਂ ਤੇ ਵੀ ਪੁੱਜ ਗਏ।

ਉੱਤਰ ਪ੍ਰਦੇਸ਼ ਵਿੱਚ ਸਤਿਗੁਰੂ ਜੀ ਨੇ ਗੋਲਾ ਫਾਰਮ ਖਰੀਦਿਆ। ਉੱਥੇ ਕਮਾਦ ਦੀ ਸਫ਼ਲ ਕਾਸ਼ਤ ਕਰਕੇ ਆਪ ਨੇ ਸਤਿਗੁਰੂ ਜੀ ਤੋਂ ਥਾਪੜਾ ਲਿਆ। ਤਰਾਈ ਦੇ ਇਸ ਜੰਗਲੀ ਇਲਾਕੇ ਵਿੱਚ ਨਾਮਧਾਰੀਆਂ ਦਾ ਸਲਾਨਾ ਹੋਲਾ ਮਹੱਲਾ ਸਫਲਤਾ ਪੂਰਵਕ ਕਰਕੇ, ਦੇਸ਼ ਦੇ ਚੋਟੀ ਦੇ ਆਗੂਆਂ ਨੂੰ ਸਤਿਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਿਰ ਹੋਣ ਦਾ ਮੌਕਾ ਦਿੱਤਾ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਚਾਰ ਸੀ ਕਿ ਹਰਿਆਣਾ-ਪੰਜਾਬ ਦੀ ਵਾਹੀਯੋਗ ਧਰਤੀ ਦਿਨ ਪ੍ਰਤੀ ਦਿਨ ਸੁੰਗੜ ਰਹੀ ਹੈ। ਇਸ ਲਈ ਨਾਮਧਾਰੀ ਕਿਸਾਨਾਂ ਦੀ ਖੁੱਲ੍ਹੀ ਜ਼ਮੀਨ ਵਾਲੇ ਖਿੱਤਿਆਂ ਨਾਲ ਸਾਂਝ ਪੁਆਈ ਜਾਏ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸੇ ਆਸ਼ੇ ਤਹਿਤ ਅਤੇ ਬਾਗਬਾਨੀ ਖੇਤਰ ਵਿੱਚ ਕੁਝ ਨਵਾਂ ਕਰਕੇ ਵਿਖਾਉਣ ਦੇ ਇਰਾਦੇ ਨਾਲ ਕਰਨਾਟਕ ਪ੍ਰਾਂਤ ਦੀ ਰਾਜਧਾਨੀ ਬੰਗਲੌਰ ਦੇ ਨਜ਼ਦੀਕ ਖੇਤੀ ਫਾਰਮ ਖਰੀਦਿਆ। ਆਰੰਭ ਵਿੱਚ ਸ੍ਰੀ ਮਹਾਰਾਜ ਬੀਰ ਸਿੰਘ ਜੀ ਅਤੇ ਬੇਬੇ ਦਲੀਪ ਕੌਰ ਜੀ ਉੱਥੇ ਕੁਝ ਸਿੰਘਾਂ ਸਮੇਤ ਭੇਜੇ ਗਏ। ਜਿਵੇਂ ਕਿ ਹਰ ਨਵੇਂ ਕਾਰਜ ਵਿੱਚ ਹੁੰਦਾ ਹੈ, ਮੁਸ਼ਕਿਲਾਂ ਕਾਫ਼ੀ ਸਨ।

ਸਫ਼ਲਤਾ ਦੀ ਸੰਭਾਵਨਾ ਘੱਟ ਸਮਝ ਕੇ ਸ੍ਰੀ ਮਹਾਰਾਜ ਜੀ ਨੇ ਫਾਰਮ ਵਿਕਰੀ 'ਤੇ ਲਾ ਦਿੱਤਾ। ਸੌਦਾ ਵੀ ਇੱਕ ਵੇਰ ਹੋ ਗਿਆ। ਪਰ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਫਾਰਮ ਵੇਚਣ ਦੀ ਨਹੀਂ ਸੀ। ਕਿਸੇ ਵਜ੍ਹਾ ਕਰਕੇ ਇਹ ਸੌਦਾ ਸਿਰੇ ਨਾ ਚੜ੍ਹਿਆ। ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਸ੍ਰੀ ਉਦੇ ਸਿੰਘ ਜੀ ਨੂੰ 1982 ਈ. ਵਿੱਚ ਉਸ ਫਾਰਮ ਦਾ ਕੰਮ ਸੰਭਾਲਿਆ ਗਿਆ। ਇਸੇ ਸਾਲ ਹੀ 10,11,12 ਮਾਰਚ ਨੂੰ ਗੋਲਾ ਗੋਕਰਨਨਾਥ ਵਿਖੇ ਹੋਲਾ ਮਹੱਲਾ ਮਨਾਇਆ ਗਿਆ ਸੀ। ਆਪ ਜੀ ਨੇ ਅਜਿਹੇ ਸਿਰੜ ਅਤੇ ਸਿਦਕ ਦਿਲੀ ਨਾਲ ਬੰਗਲੌਰ ਫਾਰਮ ਦਾ ਕੰਮ ਸੰਭਾਲਿਆ ਕਿ 1984 ਈ. ਤੱਕ ਸਤਿਗੁਰੂ ਜੀ ਨੇ ਆਪ ਦੇ ਯਤਨਾਂ ਦੀ ਮੁਕਤ ਕੰਠ ਨਾਲ ਪ੍ਰਸ਼ੰਸਾ ਕੀਤੀ। ਪ੍ਰੀਤਮ ਸਿੰਘ ਜੀ ਕਵੀ ਲਿਖਦੇ ਹਨ-

"ਠਾਕੁਰ ਉਦੇ ਸਿੰਘ ਜੀ ਬਾਰੇ ਸਤਿਗੁਰੂ ਜੀ ਨੇ ਫੁਰਮਾਇਆ : ਛੋਟੇ ਕਾਕੇ ਨੇ ਬੰਗਲੌਰ ਫਾਰਮ 'ਤੇ ਬੜਾ ਕੰਮ ਕੀਤਾ ਹੈ। ਏਨੀ ਮਿਹਨਤ ਕੀਤੀ ਹੈ ਕਿ ਹਾਰਟੀ ਕਲਚਰ ਨਾਲ ਸੰਬੰਧਿਤ ਲੋਕ ਵੇਖ ਕੇ ਹੈਰਾਨ ਹੋ ਜਾਂਦੇ ਹਨ। ਇੱਕ ਡਾਕਟਰ ਕੋਹਲੀ ਨੇ ਕੇਲਾ, ਪਪੀਤਾ ਤੇ ਅੰਬ ਸਪੈਸ਼ਲਿਸ਼ਟ ਨੂੰ ਛੋਟੇ ਕਾਕੇ ਕੋਲ ਬੰਦਾ ਭੇਜ ਕੇ ਉਚੇਚਾ ਬੁਲਵਾਇਆ। ਉਹ ਨਾਲ ਦੇ ਡਾਕਟਰ ਨੂੰ ਕਹਿਣ ਲੱਗਾ : ਅੰਗੂਰਾਂ 'ਤੇ ਐਵੇਂ ਹੀ ਜ਼ੋਰ ਲਗਾ ਰਹੇ ਹਨ। ਅੰਗੂਰ ਇੱਥੇ ਕਾਮਯਾਬ ਨਹੀਂ ਹੋਣੇ। ਇਹ ਜਗ੍ਹਾ ਕੇਲੇ ਲਈ ਬੜ੍ਹੀ ਸੂਟੇਬਲ ਹੋਣੀ ਸੀ, ਪਰ ਜਦੋਂ ਡਾ. ਕੋਹਲੀ ਨੇ ਆਪ ਆ ਕੇ ਅੰਗੂਰਾਂ ਦੀ ਗਰੋਥ ਵੇਖੀ ਤਾਂ ਆਪ ਹੀ ਕਹਿਣ ਲੱਗੇ, ਅੰਗੂਰਾਂ ਵਿੱਚ ਕੋਈ ਕਸਰ ਨਹੀਂ ਅਤੇ ਉਹ ਚਕ੍ਰਿਤ ਸਨ ਕਿ ਏਨੇ ਥੋੜ੍ਹੇ ਸਮੇਂ ਵਿੱਚ ਏਨੀ ਵਧੀਆ ਤਿਆਰੀ ਕਿਵੇਂ ਹੋ ਗਈ। ਉਹਨਾਂ ਆਪਣੀਆਂ ਡਾਇਰੀਆਂ ਵਿੱਚ ਕਾਕੇ ਦੇ ਤਜ਼ਰਬਿਆਂ ਨੂੰ ਨੋਟ ਕੀਤਾ।

ਅੰਗੂਰਾਂ ਦੇ ਖੇਤ ਹੁਣ ਪੰਜ ਹੋ ਗਏ ਹਨ, ਸਤਿਗੁਰੂ ਜੀ ਨੇ ਦੱਸਿਆ ਅਤੇ ਹਜ਼ੂਰ ਨੇ ਕਰਨਾਟਕ ਦੇ ਡਾ. ਗੋਪਾਲ ਦਾ ਜ਼ਿਕਰ ਵੀ ਕੀਤਾ। ਜੋ ਅੰਗੂਰਾਂ ਦਾ ਲਾ-ਜਵਾਬ ਕਾਸ਼ਤਕਾਰ ਹੈ। ਉਹ ਭਾਵੇਂ ਡਿਗਰੀਧਾਰੀ ਤਾਂ ਨਹੀਂ, ਪਰ ਉਸ ਨੇ ਅੰਗੂਰਾਂ ਤੇ ਅਮਲੀ ਕੰਮ ਏਨਾ ਕੀਤਾ ਹੈ ਕਿ ਉਸਨੂੰ ਅੰਗੂਰਾਂ ਬਾਰੇ ਰਗ-ਰਗ ਦੀ ਪਛਾਣ ਹੈ। ਉਹ ਵੀ ਛੋਟੇ ਕਾਕੇ ਦੀ ਅੰਗੂਰਾਂ ਦੀ ਗਰੋਥ ਵੇਖ ਕੇ ਦੰਗ ਰਹਿ ਗਿਆ।"

(ਬੀਤੇ ਦੀਆਂ ਪੈੜਾਂ ਭਾਗ-13, ਸਫ਼ਾ 29)

੨0 ਕੱਤਕ ੨0੪0 ਸੰਮਤ ਮੁਤਾਬਿਕ ੧੯੮੩ ਈ. ਦੀ ਦੀਵਾਲੀ ਮੇਲੇ ਸਮੇਂ ੫ ਨਵੰਬਰ ਸ਼ਨੀਵਾਰ ਨੂੰ ਆਪ ਜੀ ਦਾ ਆਨੰਦ ਕਾਰਜ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੂਬਾ ਦਰਸ਼ਨ ਸਿੰਘ ਜੀ ਨੈਰੋਬੀ ਅਤੇ ਮਾਤਾ ਹਰਜੀਤ ਕੌਰ ਜੀ ਦੀ ਸਪੁੱਤਰੀ ਬੀਬੀ ਗੁਰਸ਼ਰਨ ਕੌਰ ਜੀ ਨਾਲ ਹੋਇਆ। ਦੁਨਿਆਵੀ ਸੰਤਾਨ ਵਜੋਂ ਬੇਟੀ ਬੀਬੀ ਉੱਜਲ ਕੌਰ ਅਤੇ ਬੇਟਾ ਕਾਕਾ ਉੱਤਮ ਸਿੰਘ ਹਨ। ਜਿਸ ਤਰ੍ਹਾਂ ਸਤਿਗੁਰੂ ਜੀ ਗੁਰਤਾ-ਗੱਦੀ 'ਤੇ ਆਉਣ ਤੱਕ ਆਪਣੇ ਕਾਰ-ਵਿਹਾਰ ਵਿੱਚ ਪੂਰੇ ਖੁਭੇ ਹੋਏ ਸਨ, ਉਸੇ ਤਰ੍ਹਾਂ ਆਪ ਦੇ ਬੱਚੇ ਵਿਹਾਰ ਕੁਸ਼ਲ ਵੀ ਹਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ

ਉਸ ਆਦੇਸ਼ ਦੀ ਪਾਲਣਾ ਵੀ ਕਰ ਰਹੇ ਹਨ ਕਿ ਕੋਈ ਵਿਹਲਾ ਨਾ ਰਹੇ। ਆਪ ਦੁਆਰਾ ਸਥਾਪਿਤ ਅਦਾਰਾ ਨਾਮਧਾਰੀ ਸੀਡਜ਼ ਨੇ ਬਹੁਤ ਵਿਸਥਾਰ ਕੀਤਾ ਹੈ ਅਤੇ ਕੌਮਾਂਤਰੀ ਪਛਾਣ ਵੀ ਬਣਾਈ ਹੈ। ਨਾਮਧਾਰੀ ਫਰੈਸ਼ ਅਤੇ ਡੇਅਰੀ ਕਾਰੋਬਾਰ ਵੀ ਕਾਫ਼ੀ ਵਿਕਸਤ ਹੋਇਆ। ਆਪ ਜੀ ਦੇ ਇਹਨਾਂ ਅਦਾਰਿਆਂ ਵਿੱਚ ਹਜ਼ਾਰਾਂ ਨਾਮਧਾਰੀ ਬੱਚੇ-ਬੱਚੀਆਂ ਤੇ ਹੋਰ ਲੋਕ ਵੀ ਆਹਰੇ ਲੱਗੇ ਹੋਏ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵੀ ਨਾਮਧਾਰੀ ਜਗਤ ਦਾ ਪਛੜੇਵਾਂ ਦੂਰ ਕਰਨਾ ਚਾਹੁੰਦੇ ਸਨ। ਉਹਨਾਂ ਦੇ ਹੁਕਮ ਅਨੁਸਾਰ ਆਪ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਅਤੇ ਅਨੇਕ ਵਿੱਦਿਅਕ ਅਦਾਰਿਆਂ ਦੀ ਸਥਾਪਨਾ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਆਪ ਜੀ ਦੀਆਂ ਬਹੁਪੱਖੀ ਸੇਵਾਵਾਂ ਅਤੇ ਸਿੱਖੀ ਰਹੁ-ਰੀਤਾਂ, ਭਜਨ-ਬਾਣੀ, ਸੇਵਾ-ਸਿਮਰਨ, ਕੀਰਤਨ ਵਿੱਚ ਆਪ ਜੀ ਨੂੰ ਪਰਪੱਕ ਵੇਖ ਕੇ ਸਤਿਗੁਰੂ ਜੀ ਨੇ ਆਪ ਲਈ ਅਪਾਰ ਬਖ਼ਸ਼ਿਸ਼ਾਂ ਦੇ ਦਰ ਖੋਲ੍ਹ ਦਿੱਤੇ। ਸੰਨ ੨੦੦੨ ਈ. ਵਿੱਚ ਸੰਤ ਜਗਤਾਰ ਸਿੰਘ ਜੀ ਨੇ ਕੁਝ ਆਗਾਮੀ ਕਾਰਜਾਂ ਦਾ ਹੁਕਮ ਦੇਣ ਲਈ ਸਤਿਗੁਰੂ ਜੀ ਨੂੰ ਬਿਨੈ ਕੀਤੀ ਤਾਂ ਆਪ ਜੀ ਨੇ ਫ਼ੁਰਮਾਇਆ ਸੀ ਕਿ ਹੁਣ ਜੋ ਵੀ ਕਰਨਾ ਹੋਵੇ ਉਸ ਲਈ ਛੋਟੇ ਕਾਕੇ(ਸ੍ਰੀ ਉਦੇ ਸਿੰਘ ਜੀ) ਨੂੰ ਹੀ ਪੁੱਛ ਲਿਆ ਕਰੋ ਕਿਉਂਕਿ ਇਸ ਤੋਂ ਪਹਿਲਾਂ ਸਤਿਗੁਰੂ ਜੀ ਨੇ ਆਪ ਦੀਆਂ ਅਨੇਕ ਪਰੀਖਿਆਵਾਂ ਲੈ ਲਈਆਂ ਸਨ, ਜਿਹਨਾਂ ਵਿੱਚੋਂ ਉਹ ਗੁਰੂ ਕਿਰਪਾ ਸਦਕਾ ਸਫ਼ਲ ਰਹੇ ਸਨ। ਸਤਿਗੁਰੂ ਜੀ ਪ੍ਰਤੀ ਆਪ ਦੇ ਸ਼ਰਧਾ, ਸਤਿਕਾਰ ਅਤੇ ਮੁਕੰਮਲ ਸਮਰਪਣ ਨੇ ਹੀ ਆਪ ਜੀ ਨੂੰ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਦਾ ਮਾਣ ਬਖਸ਼ਿਆ ਹੈ।

ਸਤਿਗੁਰੂ ਜੀ ਨਾਮਧਾਰੀ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਲਗਾਤਾਰ ਸਰਗਰਮ ਰਹਿੰਦੇ ਹਨ। ਉਹ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਇਲਾਵਾ ਸਾਰੇ ਹੀ ਮਹਾਂਦੀਪਾਂ ਵਿੱਚ ਜਿੱਥੇ-ਜਿੱਥੇ ਨਾਮਧਾਰੀ ਸੰਗਤ ਹੈ, ਆਪਣੇ ਪ੍ਰਚਾਰ ਦੌਰੇ ਜਾਰੀ ਰੱਖਦੇ ਹਨ। ਉਹਨਾਂ ਦੀ ਦਿਨ ਚਰਿਆਂ ਬਹੁਤ ਵਿਅਸਥ ਹੁੰਦੀ ਹੈ, ਜਿਸ ਵਿੱਚ ਉਹਨਾਂ ਦੇ ਆਪਣੇ ਆਰਾਮ ਦਾ ਸਮਾਂ ਬਹੁਤ ਸੀਮਤ ਹੁੰਦਾ ਹੈ। ਸੰਨ ੨੦੧੬ ਵਿੱਚ ਅਮਰੀਕਾ, ਕਨੇਡਾ ਦੇ ਦੌਰੇ ਸਮੇਂ ਮੈਂ ਤਿੰਨ ਕੁ ਹਫ਼ਤੇ ਆਪ ਦੀ ਸੰਗਤ ਵਿੱਚ ਰਿਹਾ। ਆਪ ਜੀ ਸਾਰਾ ਦਿਨ ਦੀਵਾਨ, ਕੀਰਤਨ, ਸਿਮਰਨ ਅਤੇ ਗੁਰਸਿੱਖਾਂ ਦੇ ਘਰਾਂ ਵਿੱਚ ਵੱਖ-ਵੱਖ ਥਾਂਵਾਂ 'ਤੇ ਦਰਸ਼ਨ ਦੇਣ ਬਾਅਦ, ਕੋਈ ੧੨ ਕੁ ਵਜੇ ਰਾਤ ਦੇ ਬਰਾਜਨ ਲਈ ਵਿਹਲੇ ਹੁੰਦੇ। ਸਵੇਰੇ ੩ ਵਜੇ ਫਿਰ ਜਾਗਣਾ ਅਤੇ ਸਾਰਾ ਦਿਨ ਚੱਲ ਸੁ ਚੱਲ। ਆਪ ਜੀ ਨਾਲ ਕੁਝ ਉੱਥੋਂ ਦੇ ਸਥਾਨਕ ਸਕਿਉਰਿਟੀ ਵਾਲੇ ਸੱਜਣ ਸਨ, ਉਹਨਾਂ ਨੇ ਕਹਿਣਾ ਕਿ ਇਹ ਆਰਾਮ ਕਦੋਂ ਕਰਦੇ ਹਨ?

ਆਪ ਨਾਮਧਾਰੀਆਂ ਦੀ ਨਵੀਂ ਪੀੜ੍ਹੀ ਨਾਲ ਬਹੁਤ ਸਨੇਹ ਕਰਦੇ ਹਨ ਤਾਂ ਕਿ ਉਹਨਾਂ ਨੂੰ ਸਿੱਖੀ ਦੇ ਸੰਪਰਕ ਸੂਤਰ ਵਿੱਚ ਬੰਨ੍ਹਿਆ ਜਾ ਸਕੇ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸਦੀਵੀ ਯਾਦ ਅਤੇ ਉਹਨਾਂ ਦੇ ਸੰਗੀਤ ਪ੍ਰੇਮ ਨੂੰ ਜੀਵਤ ਰੱਖਣ ਲਈ, ਦੇਸ਼ਾਂ-ਵਿਦੇਸ਼ਾਂ ਵਿੱਚ ਅਨੇਕ ਉੱਚ-ਕੋਟੀ ਦੇ ਸੰਗੀਤ ਸੰਮੇਲਨਾਂ ਦਾ ਆਯੋਜਨ ਹੋ ਰਿਹਾ ਹੈ। ਨਾਮਧਾਰੀ ਵਿੱਦਿਅਕ ਜਥੇ ਦੇ ਅਨੇਕ ਸਮਾਗਮਾਂ ਦੁਆਰਾ ਬੱਚਿਆਂ ਨੂੰ ਨਾਮਧਾਰੀ ਰਹਿਤ-ਮਰਿਆਦਾ, ਗੁਰਬਾਣੀ, ਇਤਿਹਾਸ ਅਤੇ ਗੁਰਸਿੱਖ ਜੀਵਨ-ਜਾਚ ਨਾਲ ਜੋੜਿਆ ਜਾ ਰਿਹਾ ਹੈ। ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਅਨੇਕ ਸਥਾਨਾਂ ਉੱਤੇ ਯਾਦਗਾਰਾਂ ਬਨਾਉਣ ਦਾ ਕਾਰਜ-ਕਰਮ ਚੱਲ ਰਿਹਾ ਹੈ। ਨਾਮਧਾਰੀ ਇਤਿਹਾਸ, ਸਾਹਿਤ ਸਿਰਜਣਾ ਵਿੱਚ ਵਿਸ਼ੇਸ਼ ਦਿਲਚਸਪੀ ਲਈ ਜਾ ਰਹੀ ਹੈ। ਆਪ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਇੱਕ ਵਿਦਵਾਨ ਲੇਖਿਕਾ ਤੋਂ ਅੰਗਰੇਜ਼ੀ ਵਿੱਚ ਇੱਕ ਬਹੁਤ ਸੁੰਦਰ ਪੁਸਤਕ ਲਿਖਵਾ ਕੇ ਛਪਵਾਈ ਤਾਂ ਕਿ ਸਤਿਗੁਰੂ ਜੀ ਦੀ ਮਹਿਮਾ ਚੌਹਾਂ-ਕੁੰਟਾਂ ਵਿੱਚ ਫੈਲ ਸਕੇ। ਉਹ ਹਰ ਨਾਮਧਾਰੀ ਮਾਈ-ਭਾਈ ਨੂੰ ਆਪਣੀਆਂ ਧਾਰਮਿਕ ਜ਼ਿੰਮੇਵਾਰੀਆਂ ਪੂਰੀਆਂ ਕਰਨ ਦੇ ਨਾਲ-ਨਾਲ ਉਹ ਕਾਰਜ ਨਾ ਕਰਨ ਲਈ ਵੀ ਤਾੜਦੇ ਹਨ, ਜਿਸ ਦੀ ਨਾਮਧਾਰੀ ਮਰਿਆਦਾ ਇਜ਼ਾਜ਼ਤ ਨਹੀਂ ਦੇਂਦੀ। ਉਹ ਸਾਦਾ ਜੀਵਨ-ਜਾਚ ਦਾ ਉਪਦੇਸ ਵੀ ਦੇਂਦੇ ਹਨ।

ਅੱਜ ਕੱਲ੍ਹ ਹਰਿਆਣਾ, ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਪਰਕੋਪ ਪ੍ਰਤੀ, ਆਪ ਆਪਣੀ ਸੰਗਤ ਅਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਅਨੇਕ ਆਯੋਜਨ ਕਰਦੇ ਰਹਿੰਦੇ ਹਨ। ਬੱਚਿਆਂ ਨੂੰ ਇਸ ਮਹਾਂਮਾਰੀ ਤੋਂ ਬਚਾਉਣ ਲਈ ਉਹ ਛੋਟੀ ਉਮਰ ਤੋਂ ਹੀ ਉਹਨਾਂ ਨੂੰ ਖੇਡਾਂ ਨਾਲ ਜੋੜਨ ਲਈ ਅਨੇਕ ਉਪਰਾਲੇ ਸ੍ਰੀ ਭੈਣੀ ਸਾਹਿਬ, ਇਲਾਕਾ ਸ੍ਰੀ ਜੀਵਨ ਨਗਰ ਅਤੇ ਹੋਰ ਥਾਂਵਾਂ 'ਤੇ ਕਰਦੇ ਰਹਿੰਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਬਾਣੀ ਪਾਠਾਂ ਦੀਆਂ ਲੜੀਆਂ ਵਿੱਚ ਆਪ ਸਮੂਹ ਨਾਮਧਾਰੀ ਸੰਗਤ ਦੀ ਸ਼ਮੂਲੀਅਤ ਯਕੀਨੀ ਬਣਾਉਣਾ ਚਾਹੁੰਦੇ ਹਨ। ਗਰੀਬਾਂ, ਦੀਨਾਂ-ਦੁਖੀਆਂ, ਉਜੜਿਆਂ-ਥੁੜਿਆਂ ਅਤੇ ਬੇਸਹਾਰਿਆਂ ਲਈ ਆਪ ਦੇ ਦਰ ਸਦਾ ਖੁੱਲ੍ਹੇ ਹੁੰਦੇ ਹਨ। ਆਪ ਸਹਿਜ, ਸ਼ਾਂਤ ਅਤੇ ਅਡੋਲ ਬਿਰਤੀ ਦੇ ਧਾਰਨੀ ਹਨ। ਸਤਿਗੁਰੂ ਜੀ ਦੇ ੬੧ਵੇਂ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤ ਨੂੰ ਬਹੁਤ-ਬਹੁਤ ਵਧਾਈਆਂ।

**ਸਤਿਜੁਗ ਆਪ ਪੜ੍ਹੋ ਤੇ ਬੱਚਿਆਂ ਨੂੰ ਪੜ੍ਹਾਓ।**

# ਗੁਰਗੱਦੀ ਉਪਰ ਆਪਣੇ ਆਪਣੇ ਦਾਅਵੇ

✍ -ਡਾ.ਅਮਰ ਭਾਰਤੀ

ਸਤਿਗੁਰੂ ਉਹ ਜਿਸਦਾ ਪਰਤਓ ਉਸਦੇ ਸਿੱਖਾਂ ਵਿਚੋਂ ਦਿੱਸੇ ਤੇ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਹੀ ਉਸ ਦਿਨ ਉਸ ਪਰਤਉ ਨੂੰ ਇਕ ਪ੍ਰਸ਼ਨ ਦੇ ਰੂਪ ਵਿਚ ਵੇਖਣ ਦਾ ਮੌਕਾ ਬਣ ਗਿਆ ਸੀ।

ਇੱਕ ਸੋਗ ਇਕੱਠ ਸਮੇਂ ਬਹੁਤ ਸਾਰੀ ਸੰਗਤ ਵਿਚ 'ਕੌਮੀ ਏਕਤਾ' ਦੇ ਸੰਪਾਦਕ ਰਾਜਿੰਦਰ ਸਿੰਘ ਭਾਟੀਆ, ਪ੍ਰਸਿੱਧ ਪੰਜਾਬੀ ਕਵੀ-ਸੰਪਾਦਕ ਤਾਰਾ ਸਿੰਘ ਕਾਮਲ ਤੇ ਹੋਰ ਬਹੁਤ ਸਾਰੇ ਲੇਖਕ ਪੱਤਰਕਾਰ ਵੀ ਮੌਜੂਦ ਸਨ। ਆਪਸ ਵਿਚ ਇਕ ਦੂਜੇ ਨੂੰ ਮਿਲਦੇ ਮਿਲਾਂਦੇ ਅਸੀਂ ਦੋ ਚਾਰ ਲੇਖਕ ਪੱਤਰਕਾਰ ਥੋੜਾ ਦੂਰ ਹੱਟਕੇ ਜਾ ਖਲੋਤੇ। ਗੱਲਾਂ ਬਾਤਾਂ ਕਰਦਿਆਂ ਕਰਦਿਆਂ ਭਾਟੀਆਂ ਸਾਹਿਬ ਵਾਰ ਵਾਰ ਨਾਮਧਾਰੀ ਸੰਗਤ ਵੱਲ ਵੇਖਦੇ ਤੇ ਫਿਰ ਗੱਲ ਕਰਨ ਲੱਗ ਜਾਂਦੇ ਸੀ। ਇੰਜ ਕਰਦਿਆਂ ਕਰਦਿਆਂ ਗੱਲ ਬਦਲਕੇ ਉਹਨਾਂ ਨੇ ਅਚਾਨਕ ਪੁੱਛ ਲਿਆ, 'ਨਾਮਧਾਰੀਆਂ ਦੀ ਏਸ ਤਰ੍ਹਾਂ ਦੀ ਦਿੱਖ ਦਾ ਰਾਜ ਕੀ ਏ? ਸਮਤੋਲ ਜਿਸਮ, ਚੁਸਤ ਦਰੁਸਤ, ਬਿਨਾਂ ਢਿਲਕਦੀ ਚਰਬੀ ਤੋਂ ਕਮਾਏ ਹੋਏ ਸਰੀਰ, ਸਾਫ਼ ਸਾਫ਼ ਨਿਰਖਵਾਂ ਪ੍ਰਭਾਵ....'

ਮੈਂ ਕਿਹਾ,''ਇਸ ਦਾ ਰਾਜ ਏ ਇਕ ਖਾਸ ਤਰ੍ਹਾਂ ਦਾ ਸੰਜਮ ਤੇ ਇਕ ਖਾਸ ਤਰ੍ਹਾਂ ਦਾ ਅਨੁਸ਼ਾਸਨ।''

ਤਾਰਾ ਸਿੰਘ ਕਾਮਲ ਬੋਲੇ, 'ਬਿਨਾਂ ਮਾਸ਼ ਮੱਛੀ ਆਂਡੇ ਤੋਂ ਸਾਤਵਿਕ ਭੋਜਨ, ਸ਼ਰਾਬ ਆਦਿ ਨਸ਼ਿਆਂ ਦੇ ਨੇੜੇ ਨਾ ਜਾਣਾ। ਦੁੱਧ ਘਿਓ ਦਾ ਸੇਵਨ, ਏਸ ਤਰ੍ਹਾਂ ਦੀ ਖੁਰਾਕ ਨਾਲ ਸਰੀਰ ਸਮਤੋਲ ਤਾਂ ਬਣੇਗਾ ਹੀ'।

ਤੀਸਰੇ ਸੱਜਣ ਨੇ ਆਪਣੀ ਗੱਲ ਜੋੜਦਿਆਂ ਹੋਇਆਂ ਕਿਹਾ, 'ਤੜਕੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਕਰਕੇ ਨਾਮ ਬਾਣੀ ਦਾ ਅਭਿਆਸ ਤੰਦਰੁਸਤੀ ਭੀ ਬਖਸ਼ਦਾ ਏ, ਸੁਭਾਅ ਵਿੱਚ ਸ਼ਾਂਤੀ, ਸਹਿਜਤਾ ਤੇ ਸੰਤੋਖ ਦਾ ਭਾਵ ਵੀ ਪੈਦਾ ਕਰਦਾ ਏ। ਏਹ ਨਾਮਧਾਰੀ ਏਸੇ ਕਰਕੇ ਨੇ ਕਿ ਇਹ ਨਾਮ ਜਪਦੇ ਨੇ, ਨਾਮ ਜਪਦੇ ਨੇ ਏਸੇ ਲਈ ਗੁਰੂ ਨੂੰ ਮੰਨਦੇ ਨੇ। ਗੁਰੂ ਨੂੰ ਮੰਨਦੇ ਨੇ, ਏਸੇ ਲਈ ਗੁਰੂ ਦੇ ਅਨੁਸ਼ਾਸਨ ਵਿਚ ਰਹਿੰਦੇ ਨੇ। ਇਸ ਸਭ ਨਾਲ ਇਕ ਸੱਚਾ ਸੁੱਚਾ ਜੀਵਨ ਬਣਦਾ ਹੈ ਤੇ ਏਸੇ ਲਈ ਇਹਨਾਂ ਦੀ ਦਿੱਖ ਇਸ ਤਰ੍ਹਾਂ ਦੀ ਨਿਆਰੀ ਏ'।

ਭਾਟੀਆਂ ਸਾਹਿਬ ਨੇ ਸਹਿਜੇ ਜਿਹੇ ਹੀ ਕਿਹਾ, 'ਇਸ ਸਾਰੇ ਸਿਸਟਮ ਵਿਚ ਸ਼ਾਇਦ ਗੁਰੂ ਦੀ ਭੂਮਿਕਾ ਸਭ ਤੋਂ ਪ੍ਰਮੁੱਖ ਏ ਨਾਮਧਾਰੀਆਂ ਵਿਚ''। ਫਿਰ ਉਹਨਾਂ ਨੇ ਅਚਾਨਕ ਉਹ ਸਵਾਲ ਪੁੱਛ ਲਿਆ, ਜਿਹੜਾ ਇੱਕ ਗੁਰੂ ਦੇ ਜੀਵਨ ਕਾਲ ਵਿਚ ਕੇਵਲ ਇਕ ਵਾਰੀ ਹੀ ਸਾਹਮਣੇ ਆਉਂਦਾ ਹੈ। ਪਰ ਭਾਟੀਆਂ ਸਾਹਿਬ ਨੇ ਨਾਮਧਾਰੀ ਸਮਾਜ ਵਿਚੋਂ ਨਾ ਹੋਣ ਕਰਕੇ ਉਤਸੁਕਤਾ ਵਸ ਹੀ ਇਹ ਸਵਾਲ ਕਰ ਦਿੱਤਾ। ''ਅੱਛਾ ਨਾਮਧਾਰੀਆਂ ਵਿਚ ਗੁਰਗੱਦੀ ਦਾ ਉਤਰਾਧਿਕਾਰੀ ਕਿਵੇਂ ਤੈਅ ਹੁੰਦਾ ਹੈ ਏ ? ਕੀ ਕਿਸੇ ਨੂੰ ਵਿਸ਼ੇਸ ਤੌਰ ਤੇ ਤਿਆਰ ਕੀਤਾ ਜਾਂਦਾ ਏ?''

ਦੂਜੇ ਸੱਜਣ ਨੇ ਇਸ ਬਾਰੇ ਕੁਝ ਆਪਣੀ ਰਾਏ ਦਿੱਤੀ। ਮੈਂ ਕੋਈ ਗੱਲ ਕਰਦਾ ਕਿ ਉਸ ਤੋਂ ਪਹਿਲਾਂ ਹੀ ਸਾਨੂੰ ਉਥੋਂ ਚਲਣਾ ਪੈ ਗਿਆ। ਰਸਤੇ ਵਿਚ ਚੌਥੇ ਸੱਜਣ ਨੇ ਮੇਰੇ ਅੱਗੇ ਫਿਰ ਓਹੀ ਸਵਾਲ ਦੁਹਰਾ ਦਿੱਤਾ। ਮੈਂ ਆਖਿਆ, ''ਗੁਰਗੱਦੀ ਲਈ ਉਤਰਾਧਿਕਾਰੀ ਬਾਰੇ ਜਿਹੜੀ ਪੁਰਾਤਨ ਰੀਤ ਚਲੀ ਆ ਰਹੀ ਹੈ, ਉਹ ਰੀਤ ਹੀ ਹੁਣ ਤੱਕ ਨਾਮਧਾਰੀਆਂ ਵਿਚ ਪਰਵਾਨਤ ਏ।''

ਉਸ ਨੇ ਕਿਹਾ, ''ਤੁਸੀਂ ਪੁਰਾਤਨ ਰੀਤ ਦੀ ਗੱਲ ਕਰਦੇ ਓ, ਉਦੋਂ ਤੇ ਇਸ ਬਾਰੇ ਕਈ ਤਰ੍ਹਾਂ ਦੇ ਸਵਾਲ ਉਠਦੇ ਰਹੇ ਨੇ।''ਮੈਂ ਕਿਹਾ, ''ਸਵਾਲ ਉਠਣ ਦਾ ਅਰਥ ਇਹ ਨਹੀਂ ਕਿ ਗੁਰੂ ਦੀ ਹੋਂਦ ਬਾਰੇ ਕਿਸੇ ਨੇ ਸ਼ੰਕਾ ਉਠਾਈ। ਸਵਾਲ ਵਿਅਕਤੀਆਂ ਵਲੋਂ ਉਠਦੇ ਰਹੇ ਨੇ ਤੇ ਉਹ ਵੀ ਗੁਰਗੱਦੀ ਉਪਰ ਆਪਣੇ ਆਪਣੇ ਦਾਅਵੇ ਬਾਰੇ। ਗੁਰੂ ਸਾਹਿਬਾਨ ਆਪਣੇ ਆਪਣੇ ਵੇਲੇ ਢੰਗ ਨਾਲ ਉਹਨਾਂ ਨੂੰ ਨਜਿੱਠਦੇ ਰਹੇ ਨੇ।''

ਇਹ ਚਰਚਾ ਕਾਫੀ ਦੂਰ ਤੱਕ ਚਲਦੀ ਰਹੀ, ਪਰ ਪੂਰੀ ਨਾ ਹੋ ਸਕੀ। ਸਾਡੇ ਨਿਖੜਨ ਦਾ ਪੜਾਅ ਆ ਜਾਣ ਤੇ ਮੈਂ ਇਹ ਆਖ ਕੇ ਉਸ ਸੱਜਣ ਤੋਂ ਅਲੱਗ ਹੋ ਗਿਆ ਕਿ ''ਇਸ ਚਰਚਾ ਨਾਲ ਸੰਬਧਿਤ ਕੁਝ ਸਵਾਲਾਂ ਬਾਰੇ ਇਕ ਲੇਖ ਲਿਖਣ ਦੀ ਕੋਸ਼ਿਸ਼ ਕਰਾਂਗਾ'' ਤੇ ਫਿਰ 28 ਨਵੰਬਰ 1991 ਦੇ 'ਵਰਤਮਾਨ ਹਿੰਦੁਸਤਾਨ' ਵਿਚ ਮੈਂ ਇਸ ਸੰਬਧੀ ਲਿਖਿਆ ਹੈ-

ਗੁਰਗੱਦੀ ਦਾ ਆਪਣੇ ਆਪ ਵਿਚ ਇਕ ਮਨੋਵਿਗਿਆਨ ਹੈ ਤੇ ਸ੍ਰਿਸ਼ਟੀ ਦੇ ਸਾਰੇ ਕਾਰੋਬਾਰ ਦੇ ਨਿੱਤ ਬਦਲਦੇ ਰਹਿਣ ਵਾਂਗ ਇਹ ਮਨੋਵਿਗਿਆਨ ਵੀ ਸਮੇਂ ਦੇ ਨਾਲ ਨਾਲ ਰੁਪਾਂਤਰਿਤ ਹੁੰਦਾ ਰਹਿੰਦਾ ਏ।

ਅਸੀਂ ਸਤਿਗੁਰੂ ਨਾਨਕ ਦੇਵ ਜੀ ਤੋਂ ਹੀ ਵੇਖਣਾ ਸ਼ੁਰੂ ਕਰੀਏ ਤਾਂ ਇਤਿਹਾਸ ਦੱਸਦਾ ਏ ਕਿ ਗੁਰਗੱਦੀ ਨਾਲ ਜੁੜੀ ਮਾਨਸਿਕਤਾ ਉੱਦੋਂ ਮੁੱਖ ਰੂਪ ਵਿਚ ਪ੍ਰਭੂ ਭਗਤੀ ਤੇ ਗੁਰੂ ਭਗਤੀ ਨਾਲ ਜੁੜੀ ਸਿਧਾਂਤਕ ਮਾਨਸਿਕਤਾ ਸੀ। ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਮਰਦਾਸ ਜੀ ਤੱਕ ਪਹੁੰਚਦਿਆ ਪਹੁੰਚਦਿਆਂ ਇਸ ਮਾਨਸਿਕਤਾ ਉਪਰ ਠੇਠ ਸਮਾਜਕ ਤੇ ਪਦਾਰਥਕ ਪ੍ਰਤਿਸ਼ਠਾ ਦਾ ਅਸਰ ਪੈਣਾ ਸ਼ੁਰੂ ਹੋ ਗਿਆ। ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਪੁਜਦਿਆਂ ਪੁੱਜਦਿਆਂ ਕਈਆਂ ਨੇ ਇਸ ਨੂੰ ਵੱਡੀ ਪਦਾਰਥਕ ਪ੍ਰਤੀਸ਼ਠਾਂ ਦੇ ਰੂਪ ਵਿਚ ਵੇਖਣਾ ਸ਼ੁਰੂ ਕਰ ਦਿੱਤਾ। ਪ੍ਰਿਥੀਚੰਦ ਵਰਗੇ ਵਿਅਕਤੀ ਗੁਰਗੱਦੀ ਦੇ ਅਰੰਭਕ ਮੂਲ ਅਧਾਰ-ਅਧਿਆਤਮਕ ਤੱਤ ਨੂੰ ਸਿੱਧੀ ਚੁਣੌਤੀ ਦੇ ਕੇ ਇਸ ਨੂੰ ਮਾਇਆ ਪ੍ਰਾਪਤੀ ਦਾ ਮਾਧਿਅਮ ਦਰਸਾਉਣ ਵਿਚ ਜੀਅ ਜਾਨ ਨਾਲ ਜੁੱਟ ਗਏ।

ਇਸ ਤੋਂ ਪਹਿਲਾਂ ਪਹਿਲੇ ਗੁਰੂ ਸਾਹਿਬਾਂ ਦੇ ਵੰਸ਼ਜਾਂ ਨੇ ਵੀ ਬੇਸ਼ੱਕ ਗੁਰਗੱਦੀ ਦੇ ਦਾਅਵੇ ਨਾਲ ਆਪਣਾ ਨਾਮ ਜੋੜਿਆ ਸੀ, ਪਰ ਦਾਤੂ ਤੇ ਦਾਸੂ, ਮੋਹਨ ਤੇ ਮੋਹਰੀ, ਸੁਭਾਵੋਂ ਪਰਮਾਰਥਵਾਦੀ ਤੇ ਈਸ਼ਵਰ ਸਾਧਕ ਹੀ ਸਨ,ਇਸ ਲਈ ਬਾਅਦ ਵਿਚ ਉਹਨਾਂ ਨੂੰ ਗੁਰਗੱਦੀ ਸੰਬਧੀ ਆਪਣੇ ਆਚਰਨ

ਬਾਰੇ ਪਛਤਾਵਾ ਵੀ ਹੋਇਆ ਤੇ ਉਹਨਾਂ ਨੇ ਗੁਰੂ ਅਰਜਨ ਦੇਵ ਜੀ ਤੋਂ ਖਿਮਾ ਮੰਗ ਬਖਸ਼ਿਸ਼ ਵੀ ਹਾਸਿਲ ਕਰ ਲਈ ਸੀ। ਜਦੋਂ ਕਿ ਪ੍ਰਿਥੀਚੰਦ ਤੱਕ ਆਉਂਦੀ ਆਉਂਦੀ ਗੁਰਗੱਦੀ ਬਾਰੇ ਮਾਨਸਿਕਤਾ ਨੇ ਜ਼ਬਰਦਸਤ ਸਮੱਸਿਆਵਾਂ ਤੇ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ। ਇਹ ਸਿਲਸਿਲਾ ਬਾਅਦ ਵਿਚ ਧੀਰ ਮੱਲ ਤੇ ਰਾਮ ਰਾਏ ਵਲੋਂ ਭੀ ਚਲਦਾ ਰਿਹਾ।

ਪਹਿਲੇ ਸਤਿਗੁਰੂ ਸਾਹਿਬਾਨ ਵਲੋਂ ਗੁਰਗੱਦੀ ਉਹਨਾਂ ਨੂੰ ਹੀ ਮਿਲਦੀ ਰਹੀ, ਜਿੰਨ੍ਹਾਂ ਨੂੰ ਸਤਿਗੁਰੂ ਸਾਹਿਬਾਨ ਨੇ ਯੋਗ ਸਮਝਿਆ। ਪਰ ਜਿੰਨਾਂ ਨੇ ਸਤਿਗੁਰੂ ਸਾਹਿਬਾਨ ਦੀ ਇੱਛਾ ਦੇ ਸਾਹਮਣੇ ਆਪਣੀ ਇੱਛਾ ਨੂੰ ਖੜਿਆਂ ਕੀਤਾ। ਉਹਨਾਂ ਦੇ ਕਾਰਨ ਜੋ ਹਲਚਲ ਮਚਦੀ ਰਹੀ, ਉਸ ਵਿਚ ਇਹ ਸਵਾਲ ਇਸ ਤਰ੍ਹਾਂ ਦਾ ਰੂਪ ਧਾਰ ਕੇ ਸਾਹਮਣੇ ਆਉਂਦਾ ਰਿਹਾ ਹੈ। ਚਾਰ ਧਿਰਾਂ ਹੁੰਦੀਆਂ ਨੇ। ਇਕ ਧਿਰ, ਜਿਸ ਨੇ ਗੁਰਗੱਦੀ ਦੀ ਦਾਤ ਬਖਸ਼ਣੀ ਹੁੰਦੀ ਹੈ। ਦੂਜੀ ਧਿਰ, ਜਿਸਨੂੰ ਗੁਰਗੱਦੀ ਦੀ ਦਾਤ ਮਿਲਣੀ ਹੁੰਦੀ ਹੈ। ਤੀਜੀ ਧਿਰ, ਉਹਨਾਂ ਉਮੀਦਾਵਾਰਾਂ ਦੀ ਹੁੰਦੀ ਹੈ ਜਿਹੜੇ ਆਪਣੇ ਆਪ ਨੂੰ ਗੁਰਗੱਦੀ ਦੇ ਦਾਅਵੇ-ਦਾਰ ਸਮਝਦੇ ਤੇ ਜਿੰਨਾਂ ਨੂੰ ਇਹ ਦਾਤ ਕਦੇ ਨਸੀਬ ਨਾ ਹੁੰਦੀ। ਚੋਥੀ ਧਿਰ ਵਿਚ ਉਹ ਲੋਕ ਹੁੰਦੇ ਨੇ ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਜਾਂ ਗੁਰਗੱਦੀ ਦੇ ਉਮੀਦਵਾਰ ਦੇ ਨਿਕਟ ਸੰਪਰਕ ਵਿਚ ਰਹਿੰਦੇ ਹਨ ਤੇ ਉਹਨਾਂ ਦੇ ਅੰਦਰ ਇਸ ਬਾਰੇ ਉਤਸੁਕਤਾ ਵੀ ਰਹਿੰਦੀ ਹੈ ਤੇ ਉਨ੍ਹਾਂ ਕੋਲ ਇਸ ਬਾਰੇ ਪ੍ਰਸ਼ੰਨ ਅਤੇ ਸਮਾਚਾਰ ਵੀ ਰਹਿੰਦੇ ਹਨ।

ਅਸਲ ਵਿਚ ਇਹ ਚਾਰੇ ਧਿਰਾਂ ਨਮਿਤ ਕਾਰਨ ਹੀ ਬਣਦੀਆਂ, ਫੈਸਲਾ ਉਸੇ ਅਧਿਕਾਰੀ ਪੁਰਸ਼ ਨੂੰ ਹੀ ਗੁਰੂ ਬਣਾਉਣ ਦਾ ਹੁੰਦਾ ਹੈ, ਜਿਸ ਦੇ ਪੂਰਬਲੇ ਸੰਸਕਾਰ ਹੁੰਦੇ ਹਨ। ਧਰਮ ਨੂੰ ਮੰਨਣ ਜਾਂ ਸਮਝਣ ਵਾਲਿਆਂ ਲਈ ਇਹ ਗੱਲ ਮੰਨਣੀ ਔਖੀ ਨਾ ਹੁੰਦੀ ਕਿ ਸਤਿਗੁਰੂ ਉਹੋ ਹੀ ਹੋਵੇਗਾ ਜਿਸਦੇ ਮਸਤਕ ਉਪਰ ਧੁਰੋਂ ਲਿਖਿਆ ਆਵੇਗਾ।

ਫਿਰ ਵੀ ਨਮਿਤ ਕਾਰਨ ਬਣ ਕੇ ਪਰਖ ਕਰਨ ਦੀ ਇਕ ਸਾਖੀ 'ਸੂਰਜ ਪਰਕਾਸ਼' ਵਿਚ ਇੰਜ ਲਿਖੀ ਮਿਲਦੀ ਹੈ। ਗੁਰੂ ਅਮਰ ਦਾਸ ਜੀ ਦੀਆਂ ਦੋ ਪੁਤਰੀਆਂ ਸਨ। ਇਕ ਦੇ ਪਤੀ ਦਾ ਨਾਮ 'ਰਾਮਾ' ਤੇ ਦੂਸਰੀ ਦੇ ਪਤੀ ਦਾ ਨਾਮ 'ਰਾਮਦਾਸ'। ਰਾਮਾ ਤੇ ਰਾਮਦਾਸ ਦੋਵੇਂ ਹੀ ਗੁਰੂ ਦੇ ਅਨਿਨ ਸੇਵਕ ਸਨ। ਦੋਹਾਂ ਨਾਲ ਗੁਰੂ ਜੀ ਦੀ ਪ੍ਰੀਤ ਸੀ। ਨਿਕਟਵਰਤੀ ਸਿੱਖਾਂ ਵਿਚ ਅਕਸਰ ਇਸ ਗੱਲ ਉਪਰ ਵਿਚਾਰ ਹੁੰਦਾ ਕਿ ਗੁਰਗੱਦੀ ਦੋਹਾਂ ਵਿਚੋਂ ਕਿਸ ਨੂੰ ਮਿਲੇਗੀ। ਸੇਵਾ, ਆਗਿਆਕਾਰੀ ਤੇ ਪ੍ਰੀਤ ਵਿਚ ਦੋਵੇਂ ਇਕ ਦੂਸਰੇ ਤੋਂ ਵੱਧ ਲੱਗਦੇ। ਇਕ ਦਿਨ ਸਿੱਖਾਂ ਨੇ ਗੁਰੂ ਜੀ ਅੱਗੇ ਅਰਜ਼ ਕਰਕੇ ਇਸ ਬਾਰੇ ਪੁੱਛਿਆ। ਆਪ ਨੇ ਕਿਹਾ, "ਸਵਾਲ ਪ੍ਰੇਮ ਤੇ ਨਿਸ਼ਚੇ ਦਾ ਹੈ। ਪਤਾ ਕਰਕੇ ਦਸਾਂਗੇ। ਹਾਲੇ ਗੱਲ ਗੁਪਤ ਹੀ ਰਹਿਣ ਦੇਣੀ।" ਉਸ ਤੋਂ ਬਾਅਦ ਆਪ ਨੇ ਰਾਮਾ ਜੀ ਤੇ ਰਾਮਦਾਸ ਜੀ ਦੋਹਾਂ ਨੂੰ ਅਲੱਗ ਅਲੱਗ ਬੁਲਾ ਕੇ ਆਪਣੇ ਬਹਿਣ ਲਈ ਇਕ ਥੜ੍ਹੀ ਬਣਾਉਣ ਦਾ ਹੁਕਮ ਦਿੱਤਾ। ਨਾਲ ਹੀ ਲਕੀਰ ਮਾਰ ਕੇ ਥੜ੍ਹੀ ਦਾ ਨਕਸ਼ਾ ਵੀ ਸਮਝਾ ਦਿੱਤਾ। ਦੋਹਾਂ ਨੇ ਹੀ ਦਿਨ ਭਰ ਮਿਹਨਤ ਕਰਕੇ ਥੜ੍ਹੀਆਂ ਬਣਾਈਆਂ। ਗੁਰੂ ਜੀ ਨੇ ਸ਼ਾਮ ਨੂੰ ਰਾਮਾ ਜੀ ਦੀ ਥੜ੍ਹੀ ਵੇਖ ਤੇ ਨਾ ਪਸੰਦ ਕਰਕੇ ਢਾਹ ਦੇਣ ਲਈ ਕਿਹਾ। ਉਸ ਨੇ ਹੀਲ ਹੁਜੱਤ ਕੀਤੀ। ਗੁਰੂ ਜੀ ਨੇ ਤਾਂ ਵੀ ਢਵਾ ਦਿੱਤੀ। ਫਿਰ ਰਾਮਦਾਸ ਜੀ ਦੀ ਥੜ੍ਹੀ ਕੋਲ ਜਾ ਕੇ ਉਸ ਨੂੰ ਵੀ ਨਾਪਸ਼ੰਦ ਕਰਕੇ ਢਾਹ ਦੇਣ ਲਈ ਕਿਹਾ। ਰਾਮ ਦਾਸ ਜੀ ਨੇ ਆਪਣੀ ਮੱਤ ਥੋੜ੍ਹੀ ਜਾਣ ਕੇ ਫੌਰਨ ਥੜ੍ਹੀ ਢਾਹ ਦਿੱਤੀ ਤੇ ਠੀਕ ਤਰ੍ਹਾਂ ਬਣਾਉਣ ਲਈ ਠੀਕ ਤਰ੍ਹਾਂ ਸਮਝਾਉਣ ਲਈ ਬੇਨਤੀ ਕੀਤੀ ਅਗਲੇ ਦਿਨ ਫਿਰ ਦੋਹਾਂ ਨੇ ਥੜ੍ਹੀਆਂ ਬਣਾਈਆਂ। ਸ਼ਾਮ ਨੂੰ ਗੁਰੂ ਜੀ ਨੇ ਫਿਰ ਦੋਹਾਂ ਦੀਆਂ ਥੜ੍ਹੀਆ ਨਾਪਸੰਦ ਕਰਕੇ ਢਾਹ ਦੇਣ ਦਾ ਹੁਕਮ ਦਿੱਤਾ। ਰਾਮਾ ਜੀ ਨੇ ਫਿਰ ਹੀਲੇ ਬਹਾਨੇ ਕੀਤੇ। ਗੁਰੂ ਜੀ ਨੇ ਫਿਰ ਵੀ ਥੜ੍ਹੀ ਢਵਾ ਦਿੱਤੀ ਤੇ ਰਾਮ ਦਾਸ ਜੀ ਨੇ ਤੁਰੰਤ ਥੜ੍ਹੀ ਢਾਹ ਕੇ ਚਰਨੀਂ ਡਿੱਗ ਕੇ ਆਪਣੀ ਮੰਦ ਮਤੀ ਦੀ ਮਾਫੀ ਮੰਗੀ ਤੇ ਫਿਰ ਠੀਕ ਤਰ੍ਹਾ ਬਣਾਉਣ ਲਈ ਹੁਕਮ ਮੰਗਿਆ। ਤੀਜੇ ਦਿਨ ਫਿਰ ਦੋਹਾਂ ਨੇ ਥੜ੍ਹੀਆਂ ਬਣਾਈਆਂ। ਸ਼ਾਮ ਨੂੰ ਗੁਰੂ ਜੀ ਨੇ ਫਿਰ ਥੜ੍ਹੀਆਂ ਨੂੰ ਵੇਖਿਆ ਤੇ ਨਾਪਸੰਦ ਕਰਕੇ ਤੀਜੀ ਵਾਰ ਢਾਹ ਦੇਣ ਦਾ ਹੁਕਮ ਦਿੱਤਾ। ਰਾਮਾ ਜੀ ਨੇ ਸਿੱਟਾ ਕੱਢਿਆ ਕਿ ਗੁਰੂ ਜੀ ਬਿਰਧ ਹੋ ਗਏ ਹਨ। ਇਸ ਕਰਕੇ ਇਹਨਾਂ ਨੂੰ ਯਾਦ ਹੀ ਨਹੀਂ ਰਹਿੰਦਾ ਕਿ ਇਹਨਾਂ ਨੇ ਕੀ ਤੇ ਕਿਵੇਂ ਬਣਾਉਣ ਲਈ ਹੁਕਮ ਕੀਤਾ ਸੀ। ਸੋ ਮੈਂ ਹੁਣ ਨਹੀਂ ਢਾਹਵਾਂਗਾ।

ਅਤੇ ਫਿਰ ਗੁਰੂ ਜੀ ਰਾਮਦਾਸ ਜੀ ਵੱਲ ਗਏ ਤੇ ਥੜ੍ਹੀ ਵੇਖ ਕੇ ਆਖਿਆ, ਉਸ ਬਾਰੇ 'ਸੂਰਜ਼ ਪਰਕਾਸ਼' ਵਿਚ ਇੰਜ ਲਿਖਿਆ ਹੈ-

ਪੁਨ ਸ੍ਰੀ ਰਾਮ ਦਾਸ ਢਿਗ ਗਏ।  
ਹੇਰਿ ਥਰੀਕਹੁ ਬੋਲਤਿ ਭਏ।  
ਇਹੁ ਤੈਂ ਕੀਤੀ ਨਹਿੰ ਬਣਾਈ।  
ਕਈ ਬਾਰ ਬਹੁਮਤਿ ਨਹਿੰ ਆਈ।  
ਜਿਮਿ ਕਹਿ ਗਏ ਬਨੀ ਤਿਮਿ ਨਾਹੀ।  
ਸ੍ਰਮਬਾਦ ਕੀਨਸਿ ਇਸਿ ਮਾਹੀਂ।  
ਸੁਨ ਗੁਰ ਬਾਕ ਮੰਦ ਨਿਜ ਜਾਨਯੋ ।  
ਭਏ ਨਮ੍ਰਪਾਇ ਲਪਟਾ ਲਯੋ।  
ਹੋਂ ਅਜਾਨ ਨਿਤ ਭੂਲਨ ਹਾਰੋ ।  
ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ।  
ਬਾਰ ਬਾਰ ਬਖਸ਼ਤ ਹੋ ਮੋਹੀ।  
ਅਧਰਾਧੀਅਰ ਮੂਰਖ ਕੋਹੀ।  
ਜੇਤਿਕ ਸੁਮਤਿ ਦੇਹਿ ਸੋ ਜਾਨਵ ।  
ਬਿਨ ਕਿਯੋ ਕਯਾ ਬਪੁਰਾ ਮਾਨਵ।  
ਗਵਰ ਕਰੁਣਾ ਕਰਹੁ ਬਤਾਵਹੁ ।  
ਨੀਕੀ ਰੀਤਿ ਭਾਖਿ ਸਮਝਾਵਓ।  
ਮੈਂ ਮਤਿ ਮੰਦਿ ਅਭਾਗ ਬਿਚਾਰਾ।  
ਜਾਨਿ ਸਕਯੋ ਨਹਿ ਕਹਯੋ ਤੁਮਾਰਾ।  
ਇਮ ਕਹਿ ਗਰਿ ਮਹਿ ਅੰਦਰ ਡਾਰਾ ।  
ਛਿਮਹੁ ਪ੍ਰਭੂ ਅਪਰਾਧ ਹਮਾਰਾ।  
ਸਿਖ ਸਮੀਪ ਸਭਿ ਹੀਸੁਨਿ ਕਰਿ ਕੈ।  
ਹਰਖੁ ਸਿਖੀ ਰੀਤਿ ਬਿਚਰਿਕੈ।  
ਪਰਮ ਪ੍ਰਸੰਨ ਭਏ ਗੁਰ ਪੂਰੇ।  
ਗੁਰਤਾ ਉਚ ਲਖੇ ਗੁਨ ਰੂਰੇ।

ਸਭਿਨਿ ਸੁਨਾਵਨਿ ਬਾਕ ਅਲਾਵਹਿੰ।
ਇਸ ਕੀ ਸੇਵਾ ਮੋ ਮਨ ਭਾਵਹਿੰ।
ਆਪਾ ਕਬਹੁੰ ਨਾ ਕਰਹਿੰ ਜਨਾਵਨਿ।
ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਨਿ।
ਸੁਨਿ ਸਭਿ ਸਿਖਯਨ ਸੰਸੈ ਖੋਵਾ ।
ਗੁਰਤਾ ਉਚਿਤ ਭਲੇ ਇਹ ਜੋਵਾ।

ਇਸ ਤਰ੍ਹਾ ਪਰਖ ਕੇ ਗੁਰਤਾ ਰਾਮਦਾਸ ਜੀ ਨੂੰ ਦੇ ਦਿੱਤੀ ਸੀ।

ਦੂਜੀ ਸਾਖੀ ਹੈ ਗੁਰੂ ਅਰਜਨ ਦੇਵ ਜੀ ਦੀ ਗੁਰਤਾ ਬਾਰੇ। ਗੁਰੂ ਰਾਮ ਦਾਸ ਜੀ ਦੇ ਤਿੰਨ ਪੁਤਰ ਸਨ। ਪ੍ਰਿਥੀਚੰਦ, ਮਹਾਦੇਵ ਅਤੇ ਅਰਜਨ ਦੇਵ ਜੀ। ਮਹਾਦੇਵ ਜੀ ਆਪਣੇ ਆਪ ਨੂੰ ਮਹਾਨ ਮਸਤ ਮੌਲਾ ਤੇ ਗਿਆਨੀ ਸਮਝਦੇ ਸਨ। ਪਰ ਗੁਰੂ ਜੀ ਦੇ ਹੁਕਮ ਦੀ ਪਰਵਾਹ ਨਹੀਂ ਸਨ ਕਰਦੇ। ਪ੍ਰਿਥੀਚੰਦ ਆਪਣੇ ਕੰਮ ਤੇ ਗੁਣਾਂ ਉਪਰ ਆਪੇ ਮੋਹਿਤ ਸਨ ਅਤੇ ਵੱਡੇ ਹੋਣ ਕਰਕੇ ਆਪਣ ਆਪ ਨੂੰ ਗੁਰਗੱਦੀ ਦਾ ਦਾਅਵੇਦਾਰ ਮੰਨਦੇ ਸਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲਾਹੌਰ ਜਾਣਾ ਤੇ ਓਥੋਂ ਪਿਤਾ ਗੁਰੂ ਨੂੰ ਅਰਦਾਸਾਂ ਲਿਖਣ ਦੀ ਸਭ ਕਥਾ ਜਾਣਦੇ ਨੇ। ਇਹ ਗੱਲ ਵੀ ਸਭ ਜਾਣਦੇ ਨੇ ਕਿ ਉਹ ਅਰਦਾਸਾਂ ਪ੍ਰਿਥੀ ਚੰਦ ਲੁਕਾ ਰੱਖਦੇ ਸਨ। ਅੰਤ ਅਰਜਨ ਦੇਵ ਜੀ ਵਾਪਸ ਆਏ ਤਾਂ ਅਰਦਾਸਾਂ ਦਾ ਭੇਤ ਖੁਲ੍ਹਿਆ। ਗੁਰੂ ਰਾਮ ਦਾਸ ਜੀ ਨੇ ਤਿੰਨਾਂ ਪੁੱਤਰਾਂ ਨੂੰ ਪਰਖ ਕੇ ਗੁਰਤਾ ਗੁਰੂ ਅਰਜਨ ਦੇਵ ਜੀ ਨੂੰ ਬਖਸ਼ੀ। ਇਹ ਵੇਖ ਕੇ ਪ੍ਰਿਥੀ ਚੰਦ ਲਈ ਸਭ ਰਿਸ਼ਤੇ ਕੂੜੇ ਹੋ ਗਏ। ਉਨ੍ਹਾਂ ਨੂੰ ਪਿਤਾ, ਪਿਤਾ ਵਰਗੇ ਲੱਗਣੋਂ ਹੱਟ ਗਏ। ਤਾਂ ਗੁਰੂ ਤਾਂ ਉਹ ਪਹਿਲਾਂ ਹੀ ਨਹੀਂ ਸਨ ਲੱਗਦੇ। ਗੁਰੂ ਤਾਂ ਉਹ ਪਿਤਾ ਨੂੰ ਪਹਿਲਾਂ ਵੀ ਉਸ ਗੱਦੀ ਦੇ ਰੂਪ ਵਿੱਚ ਸਮਝਦੇ ਸਨ ਜਿਸ ਗੱਦੀ ਦੀ ਸੰਸਾਰਿਕ ਮਾਨ ਮਰਿਆਦਾ ਹੈ ਤੇ ਜਿਸ ਉੱਪਰ ਬੈਠਣ ਨਾਲ ਧਨ, ਮਾਨ ਪ੍ਰਾਪਤ ਹੁੰਦਾ ਹੈ। ਅੱਗੋਂਉਹਨਾਂ ਨੂੰ ਇਹ ਧਨ-ਮਾਨ ਸ਼ਿਰਫ ਏਸ ਸ਼ਰਤ ਤੇ ਮਿਲਣ ਦੀ ਆਸ ਸੀ ਕਿ ਉਹ ਗੱਦੀ ਹੋਰ ਕਿਸੇ ਦੇ ਕਬਜੇ ਹੇਠ ਜਾਣੋਂ ਬਚੀ ਰਹੇ। ਗੁਰੂ ਦਰਬਾਰ ਵਿਚ ਰਹਿ ਕੇ ਉਹ ਉਸ ਗੱਦੀ ਨੂੰ ਆਪਣੇ ਲਈ ਸੁਰੱਖਿਅਤ ਰੱਖਣਵਾਲੇ ਸਾਰੇ ਜੋੜ ਤੋੜ ਤੇ ਧੋਖੇ ਫਰੇਬ ਕਰਦੇ ਰਹਿੰਦੇ ਸਨ।

ਪਰ ਜਦੋਂ ਉਹਨਾਂ ਦੀ ਸਾਰੀ ਚਲਾਕੀ ਬੇਕਾਰ ਹੋ ਗਈ ਅਤੇ ਪਰਖ ਤੋਂ ਉਪਰੰਤ ਗੁਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲ ਗਈ ਤਾਂ ਪ੍ਰਿਥੀਚੰਦ ਭੜਕ ਉਠਾ ਤੇ ਪਿਤਾ ਕੋਲ ਜਾ ਕੇ ਕਿਹਾ-

"ਮਿਰਾ ਕਠੋਰ ਕਹਤਿ ਇਸ ਧਾਰੇ।
ਪਿਤ ਕੇ ਨਿਕਰ ਗਯੋ ਦੂਖ ਭਾਰੇ॥
ਮੁਖ ਤੇ ਕਹਿਨ ਲਾਗਿ ਕੱਟੂ ਬਾਨੀ।
ਕਿਯਾ ਬਿਪਰੀਤ ਆਪ ਨੇ ਠਾਨੀ॥
ਮੇਰੀ ਵਸਤ ਅਲਪ ਕੋ ਦਈ।
ਕੋ ਇਮ ਕਰਹਿ ਨਾ ਆਗੇ ਭਈ।
ਮੋ ਸੰਗਿ ਖੇਟ ਜਾਨਿਕੈ ਲਰਯੋ।
ਕੌਨ ਦੋਸ਼ ਲਖਿ ਕੈ ਪਰ ਹਰਯੋ।
ਜਿਸ ਪ੍ਰਕਾਰ ਤੁਮ ਮੁਝ ਸੇ ਠਾਨੀ।
ਇਸ ਕੋ ਫਲ ਦੇਖੋ ਅਗਵਾਨੀ।
ਦਰਬ ਬ੍ਰਿੰਦ ਅਬਮੋਹਿ ਸਮੀਪਿ।
ਮਿਲ ਹੋਂ ਬਲੀ ਜੁ ਹੋਹਿ ਮਹੀਪਿ।
ਦੇ ਕਰਿ ਧਨੁ ਕੋਤਿਸ ਅਪਨਾਵਹੁ।
ਪਿਤ ਸੁਤ ਤੁਮ ਕੋ ਕਸਟ ਦਿਖਾਵਹੁ।
ਜਬ ਤੁਮਰੋ ਬਸ ਚਲਹਿ ਨ ਕੋਈ।
ਬਿਨਾ ਕਰੇ ਗੁਰਤਾ ਮੁਝ ਹੋਈ।"

ਇਹ ਧਮਕੀਆਂ ਸੁਣ ਕੇ ਪਿਤਾ ਗੁਰੂ ਨੇ ਕਿਹਾ-

"ਪ੍ਰਿਥੀਆਂ ਸੁਨਹੁ ਕਣਾ ਦਨ ਕੋ ।
ਜਿਸ ਕੋ ਤਯਾਗਤਿ ਟਿਕਹਿ ਨ ਖਿਨ ਕੋ।
ਪਛੁਤਾਵਨਿ ਪੀਛੇ ਰਹਿ ਜੈ ਹੈ।
ਪਿਤ ਸੋਂ ਝਰਗਤ ਲਾਜ ਨਾ ਪੈ ਹੈ।
ਯਾ ਤੇ ਹਰਿ ਹਰਿ ਸਮਿਰਨ ਕਰਹੁ।
ਨੀਕੇ ਇਹ ਉਪਦੇਸ਼ ਜਿ ਧਰਹੁ।
ਤਨ ਮਨ ਕੇ ਸਭਿ ਹਤਹਿੰ ਸੰਤਾਪ।
ਬਹੁਰਿ ਨ ਬਿਆਪਹਿ ਲੋਭ ਸੁ ਪਾਪ॥"

ਸੁਣਤਿ ਪਿਤਾ ਕੇ ਬਚਨ ਕੋ ਪ੍ਰਿਥੀਆ ਅਤਿ ਹੰਕਾਰ।
ਮਹਾਂ ਕ੍ਰੋਦ ਕੇ ਧਾਰਿ ਕੈ ਮਨ ਮੁਖਿ ਕੀਨ ਉਚਾਰ।
ਸੇਵਾ ਬਲੀ ਕਰਤ ਹੋ ਪਰਕਨ।
ਬੈਠਯੋ ਲਵਪੁਰ ਮਹਿ ਦਵੈ ਵਰਖਨਿ।
ਤੁਮਰੀ ਸੁਧਿ ਅਰੁ ਨਹੀਂ ਸਦਨ ਕੀ।
ਆਵਤਿ ਜਾਤਿ ਨਹੀ ਸੁਧ ਧਨ ਕੀ।
ਬੈਠਯੋ ਰਹਯੋ ਨਿਚਿੰਤ ਸੁਖਾਰੋ।
ਕੌਨ ਕਾਜ ਤਹਿੰ ਰਹਤ ਸੁਵਾਰੋ।
ਮੈਂ ਸਗਰੇ ਘਰ ਕੀਬਡ ਕਾਰ।
ਸੰਗ ਆਵਨਿਜਾਨਿ ਹਜ਼ਾਰ।
ਕਿਸ ਨੋ ਦੇਨਿ ਕਿਸੂਤੇ ਲੇਨਾ।
ਰਾਖਨਿ ਸਭ ਕੋ ਸਦਾ ਸੁਖੇਨਾ।
ਨਿਤ ਪ੍ਰਤਿ ਕਰਤਿ ਰਹਯੋ ਮੈਨ ਆਛੈ।
ਸਭ ਪ੍ਰਸੰਨ ਹੁਇ ਮੁਜ ਤੇ ਗਾਛੈ।
ਅਖਿਲ ਅਮੰਦਨ ਤੇ ਸਭ ਕਾਰ ਰਹਯੋ ਸੰਭਾਰਤਿ ਸਰਬ ਪ੍ਰਕਾਰ।
ਦੇਗ ਕਰਨ ਦੀ ਕਾਰ ਚਲਾਈ।
ਇਤਿਆਦਿਕ ਮੈਂ ਸੇਵ ਕਮਾਈ।
ਤੁਮ ਤੇ ਆਦਿ ਸਰਬ ਪਰਵਾਰੇ।
ਕਾਰ ਕਿਨਹੁੰ ਨਹਿੰ ਕੋਇ ਸੰਭਾਰੇ।
ਸੁਧ ਭੀ ਕਿਨਹੂੰ ਨਾ ਲੀਨਸਿ ਕੋਈ।
ਮੋ ਤੇ ਹੋਤਿਸਰਬ ਬਿਧਿ ਹੋਈ॥"
ਇਮ ਕਹਿ ਕਟੁਕ ਬਾਲ ਪੁਨ ਭਾਖੈ।
ਜਿਨ ਮਹਿ ਬਚਨ ਅਨਾਦਰ ਰਾਖੈ।
ਲਿਖੇ ਨ ਜਾਇ ਮੋਹਿ ਤੇ ਸੋਇ।
ਮਹਾ ਕਠੋਰ ਅਨਚਿਤੈ ਜੋਇ।

ਇਹ ਸੁਣ ਸਤਿਗੁਰਾਂ ਨੇ ਉਸ ਨੂੰ ਸਰਾਪ ਤਾਂ ਨਾ ਦਿੱਤਾ ਪਰ ਇਹ ਜ਼ਰੂਰ ਆਖਿਆ ਕਿ ਮੇਰੇ ਮੱਥੇ ਕਦੇ ਨਾ ਲੱਗੀਂ। ਇਹ ਵੀ ਹੁਕਮ ਕਰ ਦਿੱਤਾ ਕਿ ਜਦੋਂ ਮੈਂ ਦੇਹ ਤਿਆਗਾਂ, ਪ੍ਰਿਥੀਆ ਮੇਰੇ ਕੋਲ ਨਾ ਹੋਵੇ। ਗੁਰੂ ਰਾਮ ਦਾਸ ਜੀ ਗੁਰੂ ਅਰਜਨ ਦੇਵ ਜੀ ਨੂੰ ਤੇ ਬਾਕੀ ਪਰਵਾਰ ਨੂੰ ਨਾਲ ਲੈ ਕੇ ਗੋਇੰਦਵਾਲ ਚਲੇ ਗਏ। ਓਥੇ ਜਾ ਕੇ ਜਦੋਂ ਆਪ ਨੇ ਸੁਆਸ ਤਿਆਗੇ ਤਾਂ ਖਬਰ ਸੁਣ ਕੇ ਪ੍ਰਿਥੀਆ ਵੀ ਪਹੁੰਚ ਗਿਆ। ਆ ਕੇ ਫਿਰ ਗੁਰੂ ਅਰਜਨ ਦੇਵ ਜੀ ਨਾਲ ਆਢਾ ਲਾਇਆ ਤੇ ਇੱਥੋਂ **ਬਾਕੀ ਸਫ਼ਾ 24 ਤੇ...**

# ਸਰਗੁਣ ਬ੍ਰਹਮ

ਇੱਕ ਮਿੱਟੀ ਤੇ ਭਾਂਡੇ ਅੱਡ ਅੱਡ ਅਨਿਕ ਰੂਪ ਇੱਕ ਜਲ ਦੇ।
ਇੱਕ ਅਕਾਸ਼ ਅਨੇਕਾਂ ਨਾਂ ਨੇ ਵਾਯੂ ਕਈ ਵਿਧ ਚਲਦੇ।
ਅਗਨੀ ਇਕ ਚੰਗਿਆੜੇ ਭਿੰਨ ਭਿੰਨ ਏਵੇਂ ਨਿਰਗੁਣ ਸਰਗੁਣ।
ਬ੍ਰਹਮ ਗੱਲ ਦੀ ਸੋਝੀ ਪੈਂਦੀ ਸਤਿ ਪੁਰਖਾਂ ਤੋਂ ਸੁਣ ਸੁਣ।
ਰਚ ਕੇ ਆਪ ਅਕਾਰ ਅਨੇਕਾਂ ਆਪੇ ਵਿੱਚ ਵੱਸ ਜਾਂਦੈ।
ਜੋ ਨਿਰਗੁਣ ਸਰਗੁਣ ਵੀ ਉਹ ਹੈ ਸਿਰਫ ਭੁਲੇਖਾ ਨਾਂ ਦੈ।
ਕਈ ਭਾਂਤ ਦੇ ਮਣਕੇ ਜੀਕਣ ਇੱਕ ਧਾਗੇ ਵਿੱਚ ਗੁੰਦੇ।
ਦਿਸਦਾ ਅਣਦਿਸਦਾ ਇਉਂ ਇੱਕ ਹੈ ਬ੍ਰਹਮ ਨਹੀਂ ਦੋ ਹੁੰਦੇ।
ਕਰਮ ਅਧੀਨ ਜੀਵ ਜੱਗ ਆਉਂਦੈ ਪਰਮਾਤਮ ਖੁਦ ਆਉਂਦੈ।
ਅਜ ਅਵਿਨਾਸ਼ੀ ਹੋ ਕੇ ਵੀ ਉਹ ਦੇਹਧਾਰੀ ਅਖਵਾਉਂਦੈ।
ਜੋ ਦੁਨੀਆ ਦਾ ਕਰਤਾ ਭਰਤਾ ਹਰਤਾ ਤੇ ਸੰਚਾਲਕ।
ਆਪ ਕਿਉਂ ਨਹੀਂ ਆ ਸਕਦਾ ਉਹ ਬ੍ਰਹਿਮੰਡਾਂ ਦਾ ਮਾਲਕ।
ਜੇਕਰ ਹੈ ਆਕਾਰ ਓਸ ਦਾ ਨਿਰਾਕਾਰ ਵੀ ਤਾਂ ਹੈ।
ਬਿਨਾਂ ਅਕਾਰੋਂ ਨਿਰਾਕਾਰ ਨੂੰ ਦੱਸੋ ਕਿੱਥੇ ਥਾਂ ਹੈ।
ਦੇਹ ਧਾਰੀ ਨੂੰ ਦੁੱਖ ਸੁੱਖ ਹੁੰਦਾ ਉਹ ਜੰਮਦਾ ਤੇ ਮਰਦਾ।
ਕੋਈ ਕੋਈ ਅਗਿਆਨੀ ਬੰਦਾ ਇਹ ਵੀ ਸ਼ੰਕਾ ਕਰਦਾ।
ਈਸ਼ਵਰ ਨਾਲ ਜੀਵ ਦੀ ਭਾਈ ਤੁਲਨਾ ਹੀ ਨਹੀਂ ਬਣਦੀ।
ਸਮਰਥ ਹੀਣ ਜੀਵ ਕੀੜੇ ਤੁੱਲ ਅਮਿਤ ਸ਼ਕਤਿ ਭਗਵਨ ਦੀ।
ਜੀਕਣ ਦੋਸ਼ੀ ਜੇਲ੍ਹਾਂ ਦੇ ਵਿੱਚ ਦੰਡ ਜ਼ੁਲਮਾਂ ਦੇ ਪਾਂਦੇ।
ਕਦੇ ਕਦੇ ਨਿਗਰਾਨੀ ਦੇ ਲਈ ਬਾਦਸ਼ਾਹ ਵੀ ਜਾਂਦੇ।
ਕੈਦੀ ਓਥੇ ਸਜ਼ਾ ਭੋਗਦੇ ਹੋ ਕਰ ਕੇ ਪਰਤੰਤਰ।
ਲੇਕਿਨ ਓਥੇ ਜਾਣ ਆਉਣ ਵਿੱਚ ਰਾਜਾ ਹੈ ਸਵਤੰਤਰ।
ਕੈਦੀ ਵਾਂਗੂ ਜੀਵ ਜਨਮਦੇ ਹੋ ਕੇ ਕਰਮ ਪਰਾਇਣ।
ਮਰਜ਼ੀ ਨਾਲ ਜਗਤ ਵਿੱਚ ਔਂਦੇ ਭਗਤ ਵੱਛਲ ਨਾਰਾਇਣ।
ਅਵਤਾਰਾਂ ਦੇ ਦੁੱਖ ਸੁੱਖ ਵਾਲੀ ਜੋ ਪ੍ਰਚਲਿਤ ਕਥਾ ਹੈ।
ਉਹ ਹੈ ਸਤਿਪੁਰਖਾਂ ਦੀ ਲੀਲ੍ਹਾ ਨਾਟਕ ਫਿਲਮ ਜਥਾ ਹੈ।
ਦ੍ਰਿਸ਼ਟਮਾਨ ਸਭ ਤ੍ਰਿਗੁਣੁ ਵਿੱਚ ਹੈ ਰੱਬ ਹੈ ਸਭ ਤੋਂ ਉੱਤੇ।
ਇਹ ਗੱਲ ਗੂੜ ਸਮਝ ਨਹੀਂ ਸਕਦੇ ਮੋਹ ਮਾਇਆ ਵਿੱਚ ਸੁੱਤੇ।
ਜਦੋਂ ਜਦੋਂ ਇਸ ਦੁਨੀਆਂ ਦੇ ਵਿੱਚੋਂ ਜਾਂਦੇ ਨੇ ਦੁਰਜਨ ।
ਲਤੜੀਂਦੇ ਮਜ਼ਲੂਮ ਨਿਤਾਣੇ ਕਸ਼ਟ ਭੋਗਦੇ ਸੁਰਜਨ ।
ਧਰਮ ਕਰਮ ਦੀ ਗੱਲ ਰੁਕ ਜਾਂਦੀ ਵੱਧਦੀ ਆਪੋ ਧਾਪੀ ।
ਭਲੇ ਪੁਰਖ ਜਦ ਭੁੱਖੇ ਸੌਂਦੇ ਰਾਜ ਭੋਗਦੇ ਪਾਪੀ।
ਵਿਰਜ ਵਿਆਪਕ ਅਜ ਅਨਮਰ ਜੋ ਬਰਨ ਚਿਹਨ ਤੋ ਨਿਆਰਾ
ਓਹੀ ਫਿਰ ਸਰਗੁਣ ਹੋ ਜਾਂਦੈ ਭਗਤ ਵੱਛਲ ਪ੍ਰਭੂ ਪਿਆਰਾ।
ਵੇਦ ਧਰਮ ਦੀ ਰੱਖਿਆ ਕਰਦਾ ਦੁਸ਼ਟਾਂ ਦਾ ਵਧ ਕਰਕੇ ।
'ਬ੍ਰਹਮਦੇਵ' ਸ੍ਰਿਸ਼ਟੀ ਲਈ ਆਉਂਦੈ ਰੂਪ ਅਨੇਕਾਂ ਧਰ ਕਰਕੇ।

**-ਸਵਾਮੀ ਬ੍ਰਹਮ ਦੇਵ ਜੀ ਉਦਾਸੀ**

# ਗੁਰੂ ਜਗਜੀਤ ਜੀ ਦੀ ਨੁਹਾਰ

ਰਾਮ ਜਿਹੀ ਕੀਲ ਗੁਰੂ ਹਰੀ ਜਿਹਾ ਸਹਿਨਸ਼ੀਲ
ਵੱਡ ਪ੍ਰਤਾਪੀ ਜਿਉਂ ਉਦਾਰ।
ਸਤਿਗੁਰੂ ਉਦੇ ਸਿੰਘ ਵਿੱਚੋਂ ਪੈਂਦੀ ਜਾਪਦੀ ਏ
ਗੁਰੂ ਜਗਜੀਤ ਦੀ ਨੁਹਾਰ।
ਸੁੰਦਰ ਸਰੂਪ ਲੈ ਕੇ ਆਇਆ ਏ ਅਨੂਪ ਕਲਾ
ਭੂਪਾਂ ਦਾ ਇਹ ਭੂਪ ਅਖਵਾਂਵਦਾ।
ਤਾਰੇ ਇਹਦੇ ਮੁਖੜੇ ਤੋਂ ਜਾਣ ਬਲਿਹਾਰੇ
ਚੰਨ ਵੇਖ ਕੇ ਲਿਲਾਟ ਸ਼ਰਮਾਂਵਦਾ।
ਤੱਕਣੀ ਦੀ ਠੰਡਕ ਰੂਹਾਂ ਨੂੰ ਸ਼ਰਸ਼ਾਰ ਕਰੇ
ਪਿਆਰ ਵਾਲੀ ਕੇਰ ਕੇ ਫੁਹਾਰ। ਸਤਿਗੁਰੂ........
ਬਚਨ ਅਮੋਲ ਬੋਲ ਸੁੰਦਰ ਕਪੋਲ ਖੋਲ੍ਹ
ਤੋਲ ਕੇ ਅਡੋਲ ਫੁਰਮਾਂਵਦਾ।
ਬਖਸ਼ੇਂਦਾ ਬੁੱਧ ਆਵੇ ਸੂਧਿਆਂ ਨੂੰ ਸੁੱਧ
ਕਰ ਹਿਰਦੇ ਨੂੰ ਸ਼ੁੱਧ ਦਿਖਲਾਂਵਦਾ।
ਕਰ ਉਪਦੇਸ਼ ਡਿੱਠਾ ਕੱਟਦਾ ਕਲੇਸ਼
ਨਾਲੇ ਆਤਮਾ ਨੂੰ ਦੇਂਦਾ ਏ ਨਿਖਾਰ। ਸਤਿਗੁਰੂ........
ਸਹਿਨਸ਼ੀਲਤਾ ਹੈ ਸੱਤਾਂ ਸਾਗਰਾਂ ਤੋਂ ਗਹਿਰੀ
ਅਤੇ ਹਿਰਦਾ ਸੁਮੇਰ ਦੇ ਸਮਾਨ ਹੈ।
ਕਰਾਂ ਕੀ ਬਿਆਨ ਇਹਦੀ ਉੱਚੀ-ਸੁੱਚੀ ਸ਼ਾਨ
ਡਿੱਠਾ ਦੋਖੀਆਂ ਨੂੰ ਦੇਂਦਾ ਅਭੈ ਦਾਨ ਹੈ
ਖੱਸ ਲੈਂਦਾ ਹੀਆ ਤੇ ਅਨੰਦ ਹੋਵੇ ਜੀਆ
ਏਨਾ 'ਬਾਜਵਾ' ਇਹ ਕਰਦਾ ਪਿਆਰ। ਸਤਿਗੁਰੂ........

**-ਲਖਵਿੰਦਰ ਸਿੰਘ ਬਾਜਵਾ**

## ਗੁਰੂ-ਸ਼ੋਭਾ

**-ਸੰਤ ਨਿਸ਼ਾਨ ਸਿੰਘ**

ਉਦੇ ਹਰੀ ਉਦ ਭੇ ਭਵ ਗਗਨਮਿ,
ਸੋਖਨ ਅਕ ਤਮ ਭਰਮ ਨਿਕੰਦਨ।
ਰਜ ਪਦ ਕਰਤ ਜਨਹਿੰ ਮਨ ਰੰਜਨ,
ਅਮੀ ਸਰ ਬਾਕ ਦਿਸਟ ਸਰ ਚੰਦਨ।
ਨਾਮ ਲੀਯੇ ਰੁਜ ਸੋਗ ਟਰੈਂ, ਦੀਦ ਕੀਯੇ ਕਾਟਤ ਜਗ ਫੰਦਨ।
ਉਭੈ ਕਰ ਬੰਦ ਕਰਤ ਹੌਂ ਬੰਦਨ,ਦੀਨ ਬੰਧੁ ਵਾ ਜੁ ਜਗਬੰਦਨ।

**ਕਾਵਿ- ਅਨੁਵਾਦ**

ਸੂਰਜ ਧਰਮ ਦਾ ਉਦੇ ਸਿੰਘ ਉਦੇ ਹੋਇਆ,
ਭੈਣੀ ਸਾਹਿਬ ਦੇ ਪਾਕ ਆਕਾਸ਼ ਦੇ ਵਿੱਚ।
ਸੋਖਣ ਵਾਸਤੇ ਦੁੱਖਾਂ ਦੇ ਹੜ੍ਹ ਤਾਂਈਂ ,
ਨ੍ਹੇਰੇ ਭਰਮ ਨੂੰ ਬਦਲਣ ਪ੍ਰਕਾਸ਼ ਦੇ ਵਿੱਚ।
ਚਰਨ ਕੰਵਲਾਂ ਦੀ ਧੂੜ੍ਹ ਨਿਰਾਸਿਆਂ ਨੂੰ,
ਲੈ ਜਾਏ ਝੱਟ ਪਰਮ ਵਿਗਾਸ ਦੇ ਵਿੱਚ।
ਚੰਦ ਚੰਦਨ ਤੋਂ ਠੰਡੀ ਹੈ ਨਦਰ ਜਿਸਦੀ,
ਅੰਮ੍ਰਿਤ ਕੁੰਡ ਹੈ ਬਚਨ ਬਿਲਾਸ ਦੇ ਵਿੱਚ।
ਨਾਮ ਲੈਂਦਿਆਂ ਹੀ ਰੋਗ-ਸੋਗ ਭੱਜਣ,
ਦਰਸ ਫਸਣ ਨਾ ਦਏ ਜਮਫਾਸ ਦੇ ਵਿੱਚ।
ਜਗਤ ਪੂਜ ਸਹਾਇਕ ਨਿਮਾਣਿਆਂ ਦਾ,
ਖੜ੍ਹੇ ਅਸੀਂ ਹਾਂ ਜਿਦ੍ਹੀ ਅਰਦਾਸ ਦੇ ਵਿੱਚ।

# ਪਹਿਰਿ ਸਿਰਪਾਉ ਸੇਵਕ ਜਨ ਮੇਲੇ

ਗੁਰੂ-ਘਰ ਵਿੱਚ ਸਿਰੋਪੇ ਦੀ ਮਰਯਾਦਾ ਬਹੁਤ ਪੁਰਾਣੀ ਹੈ। ਗੁਰੂ ਸਾਹਿਬਾਨਾਂ ਵੱਲੋਂ ਬਖਸ਼ਿਸ਼ ਕੀਤੀ ਜਾਣ ਵਾਲੀ ਗੁਰ-ਰੀਤੀ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਸ ਗੁਰ-ਰੀਤੀ ਨੂੰ ਜਾਰੀ ਰੱਖਦਿਆਂ ਹੋਇਆਂ, ਜਿਨ੍ਹਾਂ ਪਿਆਰਿਆਂ ਸੇਵਕਾਂ ਤੇ ਬਖਸ਼ਿਸ਼ਾਂ ਕੀਤੀਆਂ ਦੀਆਂ ਉਨ੍ਹਾਂ ਦਾ ਸੰਕੇਤਕ ਜ਼ਿਕਰ ਹੇਠ ਲਿਖੇ ਅਨੁਸਾਰ ਹੈ:-

**ਹੋਲਾ-ਮਹੱਲਾ ਸ੍ਰੀ ਭੈਣੀ ਸਾਹਿਬ 2013**

1. ਸੰਤ ਕਰਮ ਸਿੰਘ ਜੀ ਬਾਲਮ — ਕਾਵਿ ਭੂਸ਼ਣ — 30-03-2013
2. ਸੰਤ ਜਗਦੀਸ਼ ਸਿੰਘ ਜੀ ਵਰਿਆਮ — ਵਿਸ਼ੇਸ਼ ਸਨਮਾਨ — ,, ,, ,, ,, ,,

**ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ 2013**

3. ਸੂਬਾ ਮੇਲਾ ਸਿੰਘ ਜੀ — ਪੰਥ ਰਤਨ — 16-10-2013
4. ਮਾਸਟਰ ਅਮਰੀਕ ਸਿੰਘ ਜੀ — ਕਾਵਿ ਭੂਸ਼ਣ — ,, ,, ,, ,, ,,
5. ਸੰਤ ਸਵਿੰਦਰ ਸਿੰਘ ਜੀ ਕਵੀਸ਼ਰ — ਕਾਵਿ ਰਤਨ — ,, ,, ,, ,, ,,
6. ਜ: ਸੇਵਾ ਸਿੰਘ ਜੀ ਦਿੱਲੀ — ਸ਼੍ਰੋਮਣੀ ਜਥੇਦਾਰ — ,, ,, ,, ,, ,,

**ਹੋਲਾ-ਮਹੱਲਾ ਸ੍ਰੀ ਭੈਣੀ ਸਾਹਿਬ 2015**

7. ਜ:ਸੁਦਰਸ਼ਨ ਸਿੰਘ ਜੀ — ਸੇਵਾ ਸਨਮਾਨ — 08-03-2015
8. ਸੂਬਾ ਹਰਦੀਪ ਸਿੰਘ ਜੀ — ਨਿਸ਼ਕਾਮ ਸੇਵਕ — ,, ,, ,, ,, ,,
9. ਜ.ਅਮਰ ਸਿੰਘ ਨਕੌੜਾ {ਪਰਿਵਾਰ ਨੇ ਪ੍ਰਾਪਤ ਕੀਤਾ} — ਪੰਥ ਰਤਨ — ,, ,, ,, ,, ,,

**ਹੋਲਾ-ਮਹੱਲਾ ਸ੍ਰੀ ਭੈਣੀ ਸਾਹਿਬ 2016**

10. ਬਲਕਾਰ ਸਿੰਘ ਕੱਕੜ {ਪਰਿਵਾਰ ਨੇ ਪ੍ਰਾਪਤ ਕੀਤਾ} — ਨਿਸ਼ਕਾਮ ਸੇਵਕ — 26-03-2016
11. ਜਸਵਿੰਦਰ ਸਿੰਘ ਹਿਸਟੋਰੀਅਨ — ਨਾਮਧਾਰੀ ਇਤਿਹਾਸ ਖੋਜ ਰਤਨ — ,, ,, ,, ,, ,,
12. ਮਲਵਿੰਦਰਜੀਤ ਸਿੰਘ ਵੜੈਚ — ਵਿਰਸਾ ਤੇ ਇਤਿਹਾਸ ਖੋਜ ਰਤਨ — ,, ,, ,, ,, ,,

**ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ 2016**

13. ਸੰਤ ਸਿੰਘ ਅਤੇ ਬੇਅੰਤ ਕੌਰ ਜੀ — ਸਾਹਿਤ ਰਤਨ — 15-10-2016
14. ਸੰਤ ਸਤਨਾਮ ਸਿੰਘ ਦਿੱਲੀ — ਨਿਸ਼ਕਾਮ ਸੇਵਕ — ,, ,, ,, ,, ,,

**ਹੋਲਾ-ਮਹੱਲਾ ਸ੍ਰੀ ਭੈਣੀ ਸਾਹਿਬ 2017**

15. ਪ੍ਰੋ. ਤਾਰਾ ਸਿੰਘ ਜੀ ਅਨਜਾਣ — ਸਾਹਿਤ ਰਤਨ — 15-03-2017
16. ਲਖਵੀਰ ਸਿੰਘ ਬੱਦੋਵਾਲ 'ਤੇ ਸੂਰਤਪਾਲ ਸਿੰਘ ਜੀ ਫੋਟੋਗ੍ਰਾਫਰ — ਜ.ਦਰਸ਼ਨ ਸਿੰਘ ਸਨਮਾਨ — ,, ,, ,, ,, ,,
17. ਸਤਿੰਦਰ ਸਿੰਘ ਨੰਦਾ — ਸਾਹਿਤ ਰਤਨ — ,, ,, ,, ,, ,,
18. ਸੰਤ ਬੰਤਾ ਸਿੰਘ ਬੂੜਾ ਡੱਲਾ {ਸਪੁੱਤਰ ਸੰਤ ਨਿਸ਼ਾਨ ਸਿੰਘ ਜੀ ਨੇ ਪ੍ਰਾਪਤ ਕੀਤਾ} — ਸ਼੍ਰੋਮਣੀ ਜਥੇਦਾਰ — ,, ,, ,, ,, ,,
19. ਫਿਲਾਸਫਰ ਪ੍ਰਚਾਰਕ ਸੰਤ ਫਤਹਿ ਸਿੰਘ ਜੀ ਮਾਂਗਾ {ਪੋਤਰੇ ਸੰਤ ਦਰਸ਼ਨ ਸਿੰਘ ਜੀ ਨੇ ਪ੍ਰਾਪਤ ਕੀਤਾ} — ਗਿਆਨ ਮਾਰਤੰਡ — ,, ,, ,, ,, ,,
20. ਸੰਤ ਮਹਿੰਦਰ ਸਿੰਘ ਜੀ ਪੂਰਬਾ — ,, ,, ,, ,, ,,

**ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ 2017**

21. ਜ.ਸਵਰਨ ਸਿੰਘ ਜੀ ਝੱਲ — ਸੇਵਾ ਰਤਨ — ਅਕਤੂਬਰ 2017

**ਹੋਲਾ-ਮਹੱਲਾ ਜਗਜੀਤ ਨਗਰ 2018**

22. ਨੰਬਰਦਾਰ ਅਮਰ ਸਿੰਘ ਜੀ ਸ੍ਰੀ ਜੀਵਨ ਨਗਰ — ਸੇਵਾ ਰਤਨ — 04-03-2018
23. ਸੰਤ ਮਹਿੰਦਰ ਸਿੰਘ ਜੀ ਅੰਮ੍ਰਿਤ ਵਾਲੇ — ਸੇਵਾ ਸਨਮਾਨ — 04-03-2018

**ਸ਼ਹੀਦ ਲਹਿਣਾ ਸਿੰਘ ਯਾਦਗਾਰੀ ਸਨਮਾਨ**

24. ਸ.ਸੁਵਰਨ ਸਿੰਘ ਵਿਰਕ — ਸ੍ਰੀ ਭੈਣੀ ਸਾਹਿਬ (ਸਥਾਨ) — 16-10-2013
25. ਮਹੰਤ ਸੰਤੋਖ ਸਿੰਘ ਜੀ ਮਲੇਰਕੋਟਲਾ — ,, ,, ,, ,, — 16-10-2014

| | | |
|---|---|---|
| 26. ਬੀਬੀ ਰੇਣੂ ਤ੍ਰਿਵੇਦੀ | " " " " | 17-10-2015 |
| {ਸਤਿਗੁਰੂ ਰਾਮ ਸਿੰਘ ਚੇਅਰ ਬਨਾਰਸ ਯੂਨੀਵਰਸਿਟੀ} | | |
| 27. ਸੰਤ ਹਰਿਭਜਨ ਸਿੰਘ ਜੀ ਖੰਡੂਵਾਲੀਏ | " " " " " | 15-10-2016 |
| 28. ਸ. ਦਵਿੰਦਰ ਸਿੰਘ ਗਿੱਲ ਜ਼ੀਆ ਨੱਥਾ | " " " " " | 20-10 2017 |

**ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ**

| | | |
|---|---|---|
| 29. ਸ.ਸੁਵਰਨ ਸਿੰਘ ਵਿਰਕ ਜੀ | ਸੰਤ ਨਗਰ | 20-03-2014 |
| 30. ਸੰਤ ਸਾਧੂ ਸਿੰਘ ਜੀ ਕਿਸਾਨ | | 20-03-2015 |
| 31. ਉਸਤਾਦ ਹਰਿਭਜਨ ਸਿੰਘ ਜੀ | ਦਿੱਲੀ | 2-12-2016 |
| 32. ਪੰਡਿਤ ਹਰਿਭਜਨ ਸਿੰਘ ਜੀ ਖੰਡੂਵਾਲੀਏ | ਦਿੱਲੀ | 24-04-2017 |
| 33. ਸੰਤ ਬਲਕਾਰ ਸਿੰਘ ਜੀ | ਜਗਜੀਤ ਨਗਰ | 04-03-2018 |

**ਜ.ਸੇਵਾ ਸਿੰਘ ਯਾਦਗਾਰੀ ਸਨਮਾਨ**

| | | |
|---|---|---|
| 34. ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ | ਦਿੱਲੀ | 16-01-2017 |
| 35. ਸੂਬਾ ਸੁਰਿੰਦਰ ਸਿੰਘ ਜੀ ਗੁਣਾ | " " | 27-01-2018 |

ਜਿੰਨ੍ਹੀ ਜਾਣਕਾਰੀ ਸਾਨੂੰ ਪ੍ਰਾਪਤ ਹੋ ਸਕੀ। ਉਹ ਅਸੀਂ ਦੇ ਦਿੱਤੀ ਹੈ, ਹੋਰ ਕਿਸੇ ਕੋਲ ਸਨਮਾਨਾਂ ਸੰਬੰਧੀ ਜਾਣਕਾਰੀ ਹੋਵੇ ਤਾਂ ਸਤਿਜੁਗ ਅਦਾਰਾ ਸ੍ਰੀ ਭੈਣੀ ਸਾਹਿਬ ਨੂੰ ਜਰੂਰ ਭੇਜੀ ਜਾਵੇ।

# ਸਤਿਗੁਰ ਤੁਲਿ ਨ ਮੇਹਰਵਾਨ ਮਾਤ ਪਿਤਾ ਨ ਦੇਵ ਸਬਾਏ

✍-ਸਾਧੂ ਸਿੰਘ ਕਿਸਾਨ

ਮੈਨੂੰ ਪੂਰਾ ਚੇਤਾ ਨਹੀਂ, ਸ੍ਰੀ ਬਾਬਾ ਬੁਢਾ ਜੀ ਨੇ ਤੇ ਕਿੰਨੇਂ ਮਹਾਨ ਸਤਿਗੁਰਾਂ ਜੀ ਦੇ ਦਰਸ਼ਨ ਸੇਵਾ ਸੰਗਤ ਕੀਤੀ ਹੋਵੇਗੀ। ਹੁਣ ਦੇ ਸਮੇਂ ਵਿਚ ਵੀ ਕਈਆਂ ਦੀ ਮੇਰੇ ਤੋਂ ਵਧੇਰੀ ਉਮਰ ਹੋਵੇਗੀ, 'ਇਹ ਕਿਸੇ ਮੁਕਾਬਲੇ ਦੀ ਗੱਲ ਸੁਰਤ ਨਾਲ ਨਹੀਂ ਕੀਤੀ, ਪਰ ਮੈਂ ਆਪਣੀ ਅਠਾਸੀ ਵਰ੍ਹਿਆਂ ਦੀ ਉਮਰ ਵਿੱਚ ਜੋ ਵੇਖਿਆ, ਸਮਝਿਆ, ਓਹ ਦੱਸਣ ਦੇ ਖਿਆਲੋਂ ਹੀ ਜ਼ਿਕਰ ਕੀਤਾ ਹੈ। ਮੈਨੂੰ ਪੰਜ ਸਾਲ ਦੀ ਉਮਰ ਤੋਂ ਚੇਤਾ ਹੈ ਕਿ ਮੈਂ ਕਰੀਬ ਪੱਚੀ ਸਾਲ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਾਹਿਨ ਸ਼ਾਹੀਅਤ ਦਾ ਨੇੜ ਅਨੰਦ, ਪਿਤਾ ਸ੍ਰੀ ਵਹਿਮੀ ਜੀ ਕਰਕੇ ਖੁੱਲ੍ਹ ਕੇ ਮਾਣਿਆ। ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੰਜਾਹ ਪਚਵੰਜਾ ਸਾਲਾਂ ਦੀਆਂ ਮਿਹਰਬਾਨੀਆਂ ਦਾ ਤੇ ਕੋਈ ਅੰਤ ਈ ਨਹੀਂ, ਕਿਆ ਜਾਣਾ ਗਿਆ ਮਿਤ ਕਰ ਤਰਣਾਉ ਬੇਅੰਤ ਪਾਤਸ਼ਾਹ ਨੇ ਸਭ ਤੋਂ ਮਹਾਨ ਕਿਰਪਾ ਸਾਡੇ 'ਤੇ ਇਹ ਕੀਤੀ ਕਿ ਮੇਹਰਵਾਨ ਪਾਤਸ਼ਾਹਾਂ ਦੇ ਲੜ ਸਾਨੂੰ ਲਾ ਦਿੱਤਾ। ਸ਼ਾਂਤੀ ਸਰੂਪ ਦੀਆਂ ਮਿਹਰਬਾਨੀਆਂ ਦਾ ਜ਼ਿਕਰ ਮੈਨੂੰ, ਬੇਬੇ ਸ੍ਰੀ ਦਲੀਪ ਕੌਰ ਜੀ ਦੀਆਂ ਸਖਾਵਤਾਂ ਵੱਲ ਤੋਰ ਲੱਗਿਆ ਹੈ, ਬੇਬੇ ਜੀ ਨੇ ਮੈਨੂੰ ਤੇ ਮਾਸਟਰ ਜੀ(ਅਮਰੀਕ ਸਿੰਘ) ਨੂੰ ਜਦੋਂ ਵੀ ਅਸਾਂ ਜਾਣਾਂ ਸਾਨੂੰ ਉਤੋਂ ਦੀ ਕਰ ਦੇਣਾ(ਰਜਾ ਕੇ ਛਕਾਣਾ) ਨਿਰਾ ਸਾਨੂੰ ਈ ਨਹੀਂ ਹਰ ਆਏ ਨੂੰ ਏਨਾਂ ਆਦਰ ਦੇਣਾ- ਉਨ ਸਮਝਾਣਾ ਮੇਰਾ ਓਚੇਚਾ ਧਿਆਨ ਰੱਖਿਆ ਜਾ ਰਿਹੈ, ਮੈਂ ਤਾਂ ਬਚਪਨੇ 'ਚ ਜਗਤ ਮਾਤਾ, ਮਾਤਾ ਜੀਉਣ ਕੌਰ ਜੀ ਦਾ ਆਦਰ ਭਾ ਵੀ ਰੱਜ ਕੇ ਹੰਢਾਇਆ ਹੋਇਐ, ਇੰਜ ਲੱਗਣਾਂ, ਓਹੋ ਮਾਤਾ ਜੀ ਦੀ ਰੂਹ ਦੁਬਾਰਾ ਆਈ ਹੈ, ਮੈਂ ਇਕ ਦਿਨ ਝਕਦਿਆਂ ਬੇਬੇ ਜੀ ਅੱਗੇ ਬੇਨਤੀ ਕੀਤੀ ਆਪ ਜੀ ਦੇ ਪੇਕੇ ਪਰਿਵਾਰ 'ਚੋਂ ਕੋਈ ਰਿਸ਼ਤਾ ਮੇਰੇ ਬੱਚੇ ਵਲੋਂ ਹੋ ਸੱਕੇ ਤਾਂ...। ਓਹ ਰਿਸ਼ਤਾ ਹੋ ਗਿਆ, ਮੈਨ ਓਹੋ ਸੁਖ ਮਾਣ ਰਿਹਾਂ।

ਅਸੀਂ ਕਈ ਜਣੇ ਬੰਗਲੌਰ ਚਲੇ ਗਏ, ਓਦੋਂ ਸ੍ਰੀ ਠਾਕੁਰ ਉਦੇ ਸਿੰਘ ਜੀ ਨੇ ਸਾਨੂੰ ਉਤੋਂ ਦੀ ਕਰ ਦਿੱਤਾ। ਅਸੀ ਧੰਨ ਬੇਬੇ ਜੀ ਧੰਨ, ਕਰ ਉਠੇ, ਅਸੀਂ ਰਾਮਪੁਰ 'ਬੁਢੀਮਾੜੀ, 'ਚ ਦੋ ਅਲੱਗ ਪਿੰਡਾਂ, ਵੱਖਰੀਆਂ ਗੋਤਾਂ, ਅਲੱਗ ਜੀਵਨ ਜੀਉਣ ਹਿਲੇ ਹੋਏ ਸਾਂ, ਕਿਸੇ ਤਰ੍ਹਾਂ ਟਕਰਾ ਹੋ ਗਿਆ, ਸਾਂਝਾਂ, ਰਿਸ਼ਤੇਦਾਰੀਆਂ ਵੀ ਸਨ, ਪਰ ਹਉਮੈ ਭਾਰੂ ਹੋ ਗਈਆਂ, ਮੇਹਰਬਾਨ ਪਾਤਸ਼ਾਹਾਂ ਦੋਹਾ ਧਿਰਾਂ ਦੇ ਆਗੂ ਸ੍ਰੀ ਭੈਣੀ ਸਾਹਿਬ ਸੱਦ ਕੇ, ਸੁਲ੍ਹਾ ਕਰਾਕੇ ਮੋੜੇ। ਓਦੂੰ ਵੱਡੀ ਗੱਲ, ਇਕ ਦਿਨ ਹਜ਼ੂਰ ਨੇ ਦੋਹੀਂ ਘਰੀਂ ਦਰਸ਼ਨ ਦੇਣ ਦੀ ਕਿਰਪਾ ਕੀਤੀ, ਦੁਹਾ ਧਿਰਾਂ ਦੇ ਸਾਰੇ ਬੰਦੇ, ਦੁਹੀਂ ਘਰੀਂ ਲਿਜਾ ਕੇ ਗਲੋਕੜੀਆਂ ਪਵਾਈਆਂ। ਹੁਣ ਸਾਨੂੰ ਲਗਦਾ ਹੈ, ਜਿਵੇਂ ਸਾਡੇ ਦਿਲਾਂ ਤੋਂ ਅਤੇ ਸਿਰਾਂ ਤੋਂ ਮਣਾ ਮੂੰਹੀ ਭਾਰ ਲਹਿ ਗਿਆ ਹੈ। ਅਸੀਂ ਬਾਹੀਂ ਖਲੀਆ ਕਰ ਕੇ ਨਾਹਰੇ ਮਾਰਦੇ ਹਾਂ, ਧੰਨ ਮੇਹਰਬਾਨ ਪਾਤਸ਼ਾਹ ਸਤਿਗੁਰੂ ਉਦੇ ਸਿੰਘ ਜੀ।

# ਸੁੱਚੇ ਮੋਤੀ

✪ ਇੱਕੋ ਵਾਰੀ ਇੱਕੋ ਗੁਫ਼ਾ ਵਿੱਚ ਰਹਿਣ ਵਾਲੇ ਭਿਖਸ਼ੂ ਦੀ ਆਪਣੇ ਸ਼ਗਿਰਦ ਨਾਲ ਨਾਰਾਜ਼ਗੀ ਹੋ ਗਈ ਅਤੇ ਭਿਖਸ਼ੂ ਨੇ ਚੇਲੇ ਨੂੰ ਉੱਥੋਂ ਚਲੇ ਜਾਣ ਲਈ ਕਿਹਾ।
ਸ਼ਗਿਰਦ ਚੁੱਪ ਕਰਕੇ ਚਲਾ ਗਿਆ ਪਰ ਗੁਫ਼ਾ ਦੇ ਬਾਹਰ ਬੈਠਾ ਰਿਹਾ। ਕਈ ਦਿਨ ਮਗਰੋਂ ਜਦੋਂ ਭਿਖਸ਼ੂ ਗੁਫ਼ਾ ਤੋਂ ਬਾਹਰ ਆਇਆ ਤਾਂ ਉਸਨੇ ਸ਼ਗਿਰਦ ਨੂੰ ਉਥੇ ਬੈਠੇ ਵੇਖਿਆ।
ਸ਼ਗਿਰਦ ਭਿਖਸ਼ੂ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ,ਉਸ ਨੇ ਭਿਖਸ਼ੂ ਨੂੰ ਕਿਹਾ: ਤੁਸੀਂ ਚਲੇ ਜਾਣ ਨੂੰ ਕਿਹਾ ਸੀ, ਮੈਂ ਪੁੱਛਣ ਲਈ ਬੈਠਾ ਹਾਂ, ਕਿੱਥੇ ਜਾਵਾਂ?
ਭਿਖਸ਼ੂ ਨੇ ਉਸ ਦੀ ਉਡੀਕ ਅਤੇ ਸ਼ਰਧਾ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ: ਕਿਧਰੇ ਨਹੀਂ ਜਾਣਾ,ਅੰਦਰ ਆ ਜਾ ਤੇਰੇ ਸਬਰ ਅਤੇ ਉਡੀਕ ਨੇ ਮੇਰੀ ਸੰਕੀਰਣਤਾ ਅਤੇ ਮੇਰੇ ਗੁੱਸੇ ਨੂੰ ਜਿੱਤ ਲਿਆ ਹੈ। ਅੱਜ ਤੋਂ ਤੂੰ ਮੇਰਾ ਉਸਤਾਦ ਹੋਵੇਂਗਾ ਅਤੇ ਮੈਂ ਤੇਰਾ ਸ਼ਗਿਰਦ।

**-ਨਰਿੰਦਰ ਸਿੰਘ ਕਪੂਰ**

✪ ਕੋਈ ਅਜਿਹਾ ਬੁੱਧੀਮਾਨ ਵਿਅਕਤੀ ਨਹੀਂ ਹੈ, ਜਿਸਨੂੰ ਸਿੱਖਣ ਦੀ ਲੋੜ ਨਾ ਹੋਵੇ, ਨਾ ਹੀ ਕੋਈ ਵਿਅਕਤੀ ਐਨਾ ਮੂੜ੍ਹ ਹੈ ਕਿ ਉਸ ਕੋਲੋ ਸਿੱਖਣ ਲਈ ਕੁਝ ਨਾ ਹੋਵੇ।

**-ਇਕ ਪੁਰਾਣੀ ਕਹਾਵਤ**

✪ ਧਰਮ ਜ਼ਿੰਦਗੀ ਤੋਂ ਵੱਖ ਕੋਈ ਵਸਤੂ ਨਹੀਂ ਹੈ। ਸਮੁੱਚੇ ਜੀਵਨ ਨੂੰ ਹੀ ਧਰਮ ਸਮਝਣਾ ਚਾਹੀਦਾ ਹੈ। ਜਿਸ ਜੀਵਨ ਨੇ ਧਰਮ ਨੂੰ ਤਿਆਗ ਦਿੱਤਾ ਹੈ ਉਹ ਮਾਨਵੀ ਜੀਵਨ ਨਹੀਂ ਬਲਕਿ ਪਸ਼ੂ ਜੀਵਨ ਹੈ।

**-ਮਹਾਤਮਾ ਗਾਂਧੀ**

✪ ਸਾਡੇ ਪਿਤਾ ਸਾਨੂੰ ਸਿਖਾਉਂਦੇ ਹਨ ਕਿ ਸਾਨੂੰ ਕੀ ਬਨਣਾ ਚਾਹੀਦਾ ਹੈ। ਸਾਡੀਆਂ ਮਾਵਾਂ ਸਾਨੂੰ ਸਿੱਖਿਆ ਦਿੰਦੀਆਂ ਹਨ ਕਿ ਅਸੀਂ ਕੀ ਹਾਂ।

**-ਪੀਟਰ ਡੇਵੀਸਨ**

✪ ਜਿਹੜਾ ਵਿਅਕਤੀ ਹਮੇਸ਼ਾ ਬਦਲਾ ਲੈਣ ਦੀ ਭਾਵਨਾ ਵਿਚ ਗੜੁੱਚ ਰਹਿੰਦਾ ਹੈ, ਉਹ ਆਪਣੇ ਜ਼ਖਮਾਂ ਨੂੰ ਹਮੇਸ਼ਾ ਹਰੇ ਰੱਖਦਾ ਹੈ।

**-ਸਵਾਮੀ ਰਾਮਤੀਰਥ**

**.........ਬਾਕੀ ਸਫ਼ਾ 20 ਦੀ (ਗੁਰਗੱਦੀ ਉਪਰ ......)**

ਤੱਕ ਆਖ ਦਿੱਤਾ ਕਿ ਤੂੰ ਪਿਤਾ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਹੈ।

"ਗੁਰਤਾ ਤਿਲਕ ਭਯੋ ਇਨ ਪਾਯੋ।
ਦੁਇ ਦਿਨ ਬਿਤੇ ਨ ਬਿਸੁ ਕੇ ਖਵਾਣੋ।
ਪੁਜਵਾਵਨ ਕੋ ਲਾਲਚ ਕਰਿ ਕੈ।
ਮਾਰਯੋ ਪਿਤਾ ਕਪਟ ਕੋ ਧਰਿ ਕੈ।
ਇਸ ਬਿਧਿ ਤੇ ਨਹਿੰ ਗੁਰੂ ਬਨ ਜੈ ਹੈ।
ਘੋਰ ਪਾਪੁ ਕੋ ਫਲੁ ਇਹ ਪੈ ਹੈ।
ਵਸਤੁ ਪਾਇ ਜੋ ਹੋਇ ਅਧਿਕਾਰੀ।
ਇਹੀ ਰੀਤਿ ਹੈਸਕਲ ਮਝਾਰੀ।
ਪਿਤ ਅਰੋਗ ਬਲਵਾਨ ਅਚੇਰੇ।
ਅਤਿ ਪ੍ਰਸੰਨਿ ਤਨੁ ਮਨੁ ਤਿਸ ਬੇਰੇ।
ਆਵਤ ਇਕ ਦਿਨ ਮਹਿ ਕਯਾ ਹੋਯੋ।
ਬਿਖ ਬਿਨ ਮ੍ਰਿਤੂ ਕਾਰਨ ਨਹਿ ਕੋਯੋ।

ਇਹਨਾਂ ਦੋਹਾਂ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਗੁਰਗੱਦੀ ਜਿਸ ਨੂੰ ਵੀ ਦਿੱਤੀ ਗਈ ਹੈ ਉਹੋ ਹੀ ਪੂਰੇ ਸਤਿਗੁਰੂ ਸਿੱਧ ਹੋਏ ਤੇ ਜਿਸ ਨੂੰ ਗੁਰਤਾ ਨਹੀਂ ਮਿਲੀ ਉਹ ਹਰ ਪੱਖ ਤੋਂ ਅਯੋਗ ਸਿੱਧ ਹੋਏ ਹਨ। ਉਂਜ ਇਹ ਗੱਲ ਧਿਆਨ ਖਿੱਚਣ ਵਾਲੀ ਹੈ ਕਿ ਜਿਸ ਜਿਸ ਨੇ ਵੀ ਗੁਰਗੱਦੀ ਦੀ ਚਾਹ ਕੀਤੀ ਤੇ ਆਪਣੇ ਆਪ ਨੂੰ ਉਸ ਦਾ ਯੋਗ ਅਧਿਕਾਰੀ ਜਾਤਾ- ਗੁਰਗੱਦੀ ਉਸ ਦੀ ਥਾਂ ਕਿਸੇ ਉਸ ਨੂੰ ਮਿਲ ਗਈ- ਜਿਸ ਨੇ ਆਪਣੇ ਲਈ ਗੁਰਤਾ ਬਾਰੇ ਕਦੇ ਸੋਚਿਆ ਤੱਕ ਨਹੀਂ ਸੀ। ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ - ਉਹਨਾਂ ਸਤਿਗੁਰਾਂ ਵਿੱਚੋਂ ਹੀ ਹਨ, ਜਿੰਨਾਂ ਨੇ ਗੁਰਤਾ ਮਿਲਣ ਬਾਰੇ ਕਦੇ ਸੋਚਿਆ ਨਹੀਂ ਸੀ। ਸੋਚਣ ਤੇ ਚਾਹੁੰਣ ਵਾਲੇ ਰਹਿ ਗਏ ਤੇ ਨਾ ਸੋਚਣ ਤੇ ਨਾ ਚਾਹੁੰਣ ਵਾਲੇ ਸਤਿਗੁਰੂ ਬਣ ਗਏ।

# ਬੱਚਿਆ ਦਾ ਪੰਨਾ

ਸੰਸਾਰ ਦੇ ਲੋਕਾਂ ਨੂੰ ਸ਼ੁਭ ਉਪਦੇਸ਼ ਦਿੰਦੇ ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਜੀ ਅਤੇ ਭਾਈ ਬਾਲਾ ਜੀ ਇੱਕ ਪਿੰਡ ਪਹੁੰਚੇ। ਰਾਤ ਹੋ ਗਈ ਸੀ, ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ ਆਪਾਂ ਅੱਜ ਰਾਤ ਇੱਥੇ ਰੁੱਕ ਜਾਈਏ। ਭਾਈ ਮਰਦਾਨੇ ਨੇ ਪਿੰਡ ਦੇ ਲੋਕਾਂ ਨੂੰ ਕਿਹਾ ਸਾਨੂੰ ਰਾਤ ਗੁਜ਼ਾਰਨ ਲਈ ਕੋਈ ਥਾਂ ਅਤੇ ਭੋਜਨ ਦਿੱਤਾ ਜਾਵੇ। ਪਿੰਡ ਦੇ ਲੋਕਾਂ ਨੇ ਸੇਵਾ ਤਾਂ ਕੀ ਕਰਨੀ ਸੀ, ਸਗੋਂ ਗੁਰੂ ਜੀ ਨੂੰ ਮਾੜੇ ਸ਼ਬਦ ਬੋਲੇ। ਸਾਰੀ ਰਾਤ ਗੁਰੂ ਜੀ ਅਤੇ ਭਾਈ ਮਰਦਾਨਾ ਜੀ 'ਤੇ ਬਾਲਾ ਜੀ ਭੁੱਖੇ ਬਾਹਰ ਸੁੱਤੇ। ਸਵੇਰੇ ਇਸ਼ਨਾਨ ਕਰਨ ਤੋਂ ਬਾਅਦ ਗੁਰੂ ਜੀ ਨੇ ਇਲਾਹੀ ਸ਼ਬਦ ਗਾਇਆ। ਤੁਰਨ ਲੱਗੇ ਗੁਰੂ ਜੀ ਬਚਨ ਕੀਤਾ 'ਵਸਦੇ ਰਹੋ' ਭਾਈ ਮਰਦਾਨਾ ਜੀ ਹੈਰਾਨ ਹੋਏ ਪਰ ਗੁਰੂ ਜੀ ਦੀ ਰਜ਼ਾ ਸਮਝ ਚੁੱਪ ਰਹੇ। ਅਗਲੇ ਪਿੰਡ ਪਹੁੰਚੇ ਤਾਂ ਉਸ ਪਿੰਡ ਵਾਲਿਆਂ ਨੇ ਬਹੁਤ ਸੇਵਾ ਕੀਤੀ। ਗੁਰੂ ਜੀ ਨੂੰ ਕੁਝ ਦਿਨ ਠਹਿਰਣ ਲਈ ਅਰਜ਼ ਕੀਤੀ। ਜਦੋਂ ਗੁਰੂ ਜੀ ਉਸ ਪਿੰਡ ਤੋਂ ਤੁਰੇ ਤਾਂ ਆਪ ਜੀ ਨੇ ਬਚਨ ਕੀਤਾ 'ਉੱਜੜ ਜਾਵੋ' ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ, ਇਹ ਕੀ ਰਜ਼ਾ? ਪਹਿਲੇ ਪਿੰਡ ਵਾਲਿਆਂ ਨੇ ਸਾਡਾ ਕੋਈ ਆਦਰ ਸਤਿਕਾਰ ਨਹੀਂ ਕੀਤਾ। ਤੁਸੀਂ ਉਨ੍ਹਾਂ ਨੂੰ ਵਸਦੇ ਰਹੋ ਕਿਹਾ ਤੇ ਇਸ ਪਿੰਡ ਦੇ ਲੋਕਾਂ ਜਿਨ੍ਹਾਂ ਬਹੁਤ ਸੇਵਾ ਕੀਤੀ, ਤੁਸੀਂ ਇਨ੍ਹਾਂ ਨੂੰ ਉੱਜੜ ਜਾਵੋ ਕਿਹਾ ਹੈ। ਇਹ ਆਪ ਦੀ ਰਜ਼ਾ ਮੈਨੂੰ ਸਮਝ ਨਹੀਂ ਆਈ। ਗੁਰੂ ਜੀ ਨੇ ਕਿਹਾ 'ਉਹ ਲੋਕ ਬਹੁਤ ਸੁਭਾਅ ਦੇ ਮਾੜੇ ਸੀ। ਸਾਧੂ ਸੰਤਾ ਨੂੰ ਮਾੜਾ ਬੋਲਦੇ ਸਨ। ਇਸ ਕਰਕੇ ਜੇ ਮਾੜੇ ਲੋਕ ਉੱਜੜ ਜਾਣਗੇ ਤਾਂ ਉਹ ਜਿਸ ਪਿੰਡ ਵਿੱਚ ਜਾਣਗੇ ਲੋਕਾਂ ਨੂੰ ਦੁਖੀ ਕਰਨਗੇ ਅਤੇ ਲੋਕਾਂ ਨੂੰ ਆਪਣੇ ਵਰਗਾ ਬਨਾਉਣਗੇ। ਦੂਜੇ ਪਾਸੇ ਇਹ ਪਿੰਡ ਵਾਲੇ ਚੰਗੇ ਸੁਭਾਅ ਵਾਲੇ ਹਨ। ਇਹ ਜਿੱਥੇ ਵੀ ਜਾਣਗੇ ਲੋਕਾਂ ਨੂੰ ਸੁਖੀ ਕਰਨਗੇ ਅਤੇ ਖੁਸ਼ੀਆਂ ਵੰਡਣਗੇ। ਭਾਈ ਜੀ ਨੇ ਕਿਹਾ ਧੰਨ ਗੁਰੂ ਨਾਨਕ..।

## ਘੜੀ

ਘੜੀਏ ਨੀ ਕੀ ਕਹਿੰਦੀ ਹੈਂ?
ਟਿਕ ਟਿਕ ਕਰਦੀ ਰਹਿੰਦੀ ਹੈਂ।
ਨਾ ਕੁਝ ਖਾਂਦੀ ਪੀਂਦੀ ਹੈਂ!
ਫਿਰ ਤੂੰ ਕੀਕਣ ਜੀਂਦੀ ਹੈਂ?
ਕਰ ਕੇ ਟੁਣ ਟੁਣ, ਟੁਣ ਟੁਣ ਟੁਣ।
ਬੋਲੀ, 'ਬੀਬਾ ! ਸੁਣ,ਸੁਣ,ਸੁਣ!
ਉਮਰ ਗੁਜ਼ਰਦੀ ਜਾਂਦੀ ਏ,
ਮੁੜ ਕੇ ਹੱਥ ਨਾ ਆਂਦੀ ਏ।
ਜੋ ਚਾਹੇਂ ਸੋ ਕਰ ਲੈ ਹੁਣ,
ਦਮ ਨੇਕੀ ਦਾ ਭਰ ਲੈ ਹੁਣ।
ਇਹੋ ਈ ਰੌਲਾ ਪਾਂਦੀ ਹਾਂ,
ਟੁਣਕੋ ਟੁਣਕ ਜਗਾਂਦੀ ਹਾਂ।
ਕੰਮ ਕਰੋ, ਕੁਝ ਕੰਮ ਕਰੋ,
ਐਵੇਂ ਖਰਚ ਨਾ ਦਮ ਕਰੋ।'

**-ਵਿਧਾਤਾ ਸਿੰਘ ਤੀਰ**

## ਤਿਤਲੀ

ਉਡਦੀ ਉਡਦੀ ਆਵੇ ਤਿਤਲੀ,
ਫੁੱਲਾਂ ਤੇ ਮੰਡਲਾਵੇ ਤਿਤਲੀ।
ਖੰਭ ਏਸ ਦੇ ਰੰਗ ਬਿਰੰਗੇ,
ਸੋਹਣੇ ਸੋਹਣੇ, ਚੰਗੇ ਚੰਗੇ,
ਕਿਦਾਂ, ਕਿਸੇ ਲਲਾਰੀ ਰੰਗੇ?
ਹਰ ਇਕ ਦਿਲ ਨੂੰ ਭਾਵੇ ਤਿਤਲੀ।
ਸੁੰਘ ਕੇ ਫੁੱਲਾਂ ਦੀ ਖੁਸ਼ਬੋਈ,
ਉਡਦੀ ਫਿਰਦੀ ਝੱਲੀ ਹੋਈ,
ਕਿਸੇ ਪਿਆਰ 'ਚ ਖੋਈ ਖੋਈ,
ਪਿਆਰੇ ਗੀਤ ਅਲਾਵੇ ਤਿਤਲੀ।
ਇਹ ਮਿੱਠੀਆਂ ਖੁਸ਼ਬੋਆਂ ਮਾਣੇ,
ਗਾਂਦੀ ਫਿਰੇ ਬਹਾਰ ਦੇ ਗਾਣੇ,
ਫੁੱਲਾਂ ਨੂੰ ਚੁੰਮੇਂ ਅਣਜਾਣੇ,
ਮੂਲੋਂ ਨਾ ਸਰਮਾਵੇ ਤਿਤਲੀ।
ਮਸਤ ਅਤੇ ਮਤਵਾਲੀ ਤਿਤਲੀ,
ਚਿਤਰੇ ਖੰਭਾਂ ਵਾਲੀ ਤਿਤਲੀ,
ਪਿਆਰੀ ਭੋਲੀ ਭਾਲੀ ਤਿਤਲੀ,
ਅਪਣਾ ਮਨ ਪਰਚਾਵੇ ਤਿਤਲੀ।
ਦਿਲ ਚਾਹੇ ਮੈਂ ਤਿਤਲੀ ਹੋਵਾਂ,
ਪਿਆਰੇ ਪਿਆਰੇ ਫੁੱਲਾਂ ਛੋਹਾਂ,
ਗਾਵਾਂ, ਜਿਦਾਂ ਗਾਵੇ ਤਿਤਲੀ,
ਫੁੱਲਾਂ ਤੇ ਮੰਡਲਾਵੇ ਤਿਤਲੀ।


**-ਅਜਾਇਬ ਚਿਤ੍ਰਕਾਰ**

# ਕੀਰਤਨੁ ਕਰਿਅਹੁ ਨਿਰਬਾਣੁ ਜੀਉ



**ਲੁਧਿਆਣਾ -8ਜੁਲਾਈ2018** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਹੋਏ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਚਰਨਾਂ ਦੇ ਭੌਰੇ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ 'ਤੇ ਅਥਾਹ ਸ਼ਰਧਾ ਰੱਖਣ ਵਾਲੇ ਮਿਲਾਪੜੇ, ਖੁਸ਼-ਦਿਲ,ਸੇਵਾਦਾਰ ਅਤੇ ਪੱਕੇ ਨਿਤਨੇਮੀ ਸਿੱਖ ਸੰਤ ਭੁਪਿੰਦਰ ਸਿੰਘ ਜੀ ਚਿੱਚਰਾੜੀ ਵਾਲੇ 73 ਸਾਲ ਦੀ ਆਯੂ ਭੋਗਕੇ 30 ਜੂਨ 2018 ਦਿਨ ਸ਼ਨੀਵਾਰ ਨੂੰ ਗੁਰ ਪੁਰੀ ਪਿਆਨਾ ਕਰ ਗਏ ਹਨ। ਸੰਤਾਂ ਦਾ ਜਨਮ 15 ਮਾਰਚ 1945 ਨੂੰ ਸੰਤ ਸੇਵਾ ਸਿੰਘ ਜੀ ਮਾਤਾ ਪਿਆਰ ਕੌਰ ਜੀ ਦੇ ਗ੍ਰਿਹਿ ਵਿਖੇ ਪਿੰਡ ਚਿੱਚਰਾੜੀ ਫਗਵਾੜੇ ਦੇ ਕੋਲ ਹੋਇਆ ।ਸੰਤਾਂ ਦੇ ਦਾਦਾ ਜੀ ਬਾਬਾ ਅਰਜਨ ਸਿੰਘ, ਜੋ ਕਿ ਬਹੁਤ ਹੀ ਉੱਚੀ ਅਵਸਥਾ ਵਾਲੇ ਗੁਰਸਿੱਖ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਵੀ ਲਾਹੌਰ , ਅੰਮ੍ਰਿਤਸਰ, ਸਿਆਲਕੋਟ ਦੇ ਇਲਾਕਿਆਂ ਵੱਲ ਜਾਣਾ ਤਾਂ ਆਉਂਦੇ ਜਾਂਦੇ ਚਿੱਚਰਾੜੀ ਬਾਬਾ ਜੀ ਨੂੰ ਦਰਸ਼ਨ ਦੇਣ ਦੀ ਕਿਰਪਾ ਜਰੂਰ ਕਰਿਆ ਕਰਦੇ ਸਨ। ਇੱਕ ਵਾਰ ਸਤਿਗੁਰੂ ਜੀ ਬਾਬਾ ਜੀ ਨੂੰ ਦਰਸ਼ਨ ਦੇਣ ਤੋਂ ਬਿਨਾਂ ਹੀ ਅੱਗੇ ਨਿਕਲ ਗਏ ਤਾਂ ਕੁਝ ਕੁ ਦੂਰੀ ਤੇ ਜਾਕੇ ਕਾਰ ਵਿਚ ਖਰਾਬੀ ਪੈ ਗਈ ਤਾਂ ਸਤਿਗੁਰੂ ਜੀ ਨੇ ਆਪਣੇ ਡਰਾਵਿਰ ਲਾਲ ਸਿੰਘ ਜੀ ਨੂੰ ਕਹਿਣ ਲੱਗੇ ਕਿ ਬਾਬਾ ਜੀ ਨੂੰ ਮਿਲਕੇ ਨਹੀਂ ਨਾ ਆਏ-ਇਸੇ ਕਰਕੇ ਰੁਕਾਵਟ ਪੈ ਗਈ ਹੈ ।ਸੋ ਗੱਡੀ ਵਾਪਿਸ ਚਿੱਚਰਾੜੀ ਨੂੰ ਮੋੜੀ, ਬਾਬਾ ਜੀ ਨੂੰ ਦਰਸ਼ਨ ਦਿੱਤੇ ਤਾਂ ਗੱਡੀ ਚੰਗੀ ਭਲੀ ਚੱਲ ਪਈ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਫਗਵਾੜੇ ਜਲੰਧਰ ਵੱਲ ਨੂੰ ਜਾਣਾ ਤਾਂ ਬਾਬਾ ਜੀ ਨੂੰ ਦਰਸ਼ਨ ਦੇ ਕੇ ਹੀ ਜਾਣਾ। ਆਪ ਜੀ ਅਤੇ ਆਪ ਦੇ ਦੋਨਾਂ ਭਰਾਂਵਾਂ ਦੇ ਪਰਿਵਾਰ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਥਾਹ ਪਿਆਰ ਲੈਂਦੇ ਰਹੇ । ਸੰਤ ਭੁਪਿੰਦਰ ਸਿੰਘ ਜੀ, ਸੰਤ ਰਵਿੰਦਰ ਸਿੰਘ ਜੀ ਕੁਝ ਸਾਲ ਪਹਿਲਾਂ ਲੁਧਿਆਣੇ ਆ ਗਏ, ਇਥੇ ਕਾਰੋਬਾਰ ਵਧੀਆ ਚੱਲ ਪਿਆ । ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਰਿਵਾਰ ਤੇ ਅਪਾਰ ਬਖਸ਼ਿਸ ਹੈ। ਸੰਤਾਂ ਦੇ ਘਰੋਂ ਬੀਬੀ ਅਮਰਜੀਤ ਕੌਰ ਨੂੰ ਵੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਕੇਂਦਰੀ ਇਸਤ੍ਰੀ ਵਿਦਿਅਕ ਜਥੇ ਦੀ ਖਜਾਨਚੀ ਦੀ ਸੇਵਾ ਬਖਸ਼ਿਸ ਕੀਤੀ ਸੀ ਜੋ 22-23 ਸਾਲ ਤੱਕ ਸੇਵਾ ਕੀਤੀ । ਜਿਸ ਦਿਨ ਸਤਿਗੁਰੂ ਜੀ ਦਾ ਸਸਕਾਰ ਹੋਇਆ ਤਾਂ ਇਹ ਸਦਮਾ ਸੰਤਾਂ ਦੇ ਦਿਲ ਉੱਪਰ ਬਹੁਤ ਹਾਵੀ ਹੋ ਗਿਆ ਅਤੇ ਭੋਗ ਵਾਲੇ ਦਿਨ ਸੰਤਾਂ ਨੇ ਦਿਲੋਂ ਐਸਾ ਵਿਯੋਗ ਕੀਤਾ ਕਿ ਸੰਤਾਂ ਦੀ ਮਾਨਸਿਕ ਸੰਤੁਲਨ ਹੀ ਵਿਗੜ ਗਿਆ। ਇਲਾਜ ਵੀ ਬਹੁਤ ਕਰਾਇਆ ਪਰ ਸਿਹਤ ਮੁੜ ਠੀਕ ਨਾ ਹੋਈ । ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬਹੁਤ ਪਿਆਰ ਦਿੱਤਾ ,ਹੌਂਸਲਾ ਦਿੱਤਾ ।ਪਰ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਯੋਗ ਅੰਦਰੋਂ ਨਾ ਮਿਟਿਆ ।ਅਖੀਰ ਸੰਤ ਭੁਪਿੰਦਰ ਸਿੰਘ ਜੀ ਹਰਿਆ ਭਰਿਆ ਪਰਿਵਾਰ ਛੱਡ ਕੇ 30 ਜੂਨ 2018 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਜਾ ਬਿਰਾਜੇ । ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤਾ ਨਮਿੱਤ ਪਾਠ ਦਾ ਭੋਗ 8 ਜੁਲਾਈ 2018 ਦਿਨ ਐਤਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਪਾਇਆ ਗਿਆ ।ਸੂਬਾ ਸੰਦੀਪ ਸਿੰਘ ਜੀ ਨੇ "ਸੱਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ"। ਗੁਰਬਾਣੀ ਦੀ ਟੇਕ ਤੇ ਰਸ ਮਈ ਕੀਰਤਨ ਕੀਤਾ ।ਗੁਰੂ ਘਰ ਵੱਲੋਂ ਸੰਤਾਂ ਦੇ ਵੱਡੇ ਲੜਕੇ ਨੂੰ ਦਸਤਾਰ ਦੀ ਬਖਸ਼ਿਸ਼ ਹੋਈ।ਸੂਬਾ ਹਰਭਜਨ ਸਿੰਘ ਜੀ ਨੇ ਸ਼ਰਧਾਂਜਲੀ ਦਿੱਤੀ ਅਤੇ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ।

---



**ਫਤਿਆਬਾਦ 5 ਜੁਲਾਈ 2018** -ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਨਿਨ ਸੇਵਕ ਅਤੇ ਸ਼੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸ਼ਰਧਾਵਾਨ ਗੁਰਸਿੱਖ ਸੰਤ ਪਾਲ ਸਿੰਘ ਜੀ ਹੰਸਪਾਲ, ਪ੍ਰਧਾਨ -ਨਾਮਧਾਰੀ ਸੰਗਤ ਫਤਿਆਬਾਦ ਅਪਣੀ 57 ਕੁ ਸਾਲ ਦੀ ਉਮਰ ਭੋਗ ਕੇ 27 ਜੂਨ 2018 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ ।ਉਨ੍ਹਾਂ ਦੇ ਨਮਿੱਤ ਸਾਧਾਰਨ ਪਾਠ ਦਾ ਭੋਗ ਫਤਿਆਬਾਦ ਨਾਮਧਾਰੀ ਧਰਮਸ਼ਾਲਾ ਵਿਖੇ 5 ਜੁਲਾਈ 2018 ਨੂੰ ਪਾਇਆ ਗਿਆ । ਇਨ੍ਹਾਂ ਦਾ ਪੁਰਾਣਾ ਪਿੰਡ ਕੱਕਾ ਕੇ,ਅਜ ਕੱਲ ਪਾਕਿਸਤਾਨ 'ਹੈ।ਕੁਝ ਸਮਾਂ ਇਨ੍ਹਾਂ ਦੇ ਦਾਦਾ ਜੀ ਸੰਤ ਦਿਆਲ ਸਿੰਘ ਜੀ, ਪਿਤਾ ਸੰਤ ਸ਼ਿੰਗਾਰਾ ਸਿੰਘ ਜੀ, ਮਾਤਾ ਜੁਗਿੰਦਰ ਕੋਰ ਜੀ ਪਰਿਵਾਰ ਸਮੇਤ - ਯਮੁਨਾ ਨਗਰ ਵਿਖੇ ਰਹੇ, ਅਤੇ ਪਿਛਲੇ 40-45 ਸਾਲ ਤੋਂ ਫਤਿਆਬਾਦ ਵਿਖੇ ਆ ਗਏ ।ਇਥੇ ਕਾਰੋਬਾਰ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਵਧੀਆ ਚੱਲ ਪਿਆ ।
ਸੰਤ ਪਾਲ ਸਿੰਘ ਇੱਕ ਨੇਕ ਦਿਲ ਇਨਸਾਨ, ਹਰਮਨ ਪਿਆਰੇ, ਸਮਾਜ ਸੇਵਕ ਅਤੇ ਮਿਲਾਪੜੇ ਗੁਰਸਿੱਖ ਸਨ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਭਰਪੂਰ ਪਿਆਰ ਅਤੇ ਬਖਸ਼ਿਸਾਂ ਝੋਲੀਆਂ ਵਿੱਚ ਪੁਆਂਦੇ ਰਹੇ ਅਤੇ ਹੁਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਵੀ ਅਥਾਹ ਸਨੇਹ ਪਿਆਰ ਇਨ੍ਹਾਂ ਨੇ ਲਿਆ ਹੈ ।ਅੰਤ ਆਪਣੇ ਸਮੂਹ ਪਰਿਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਨਾਲ ਜੋੜਕੇ ਗੁਰੂ ਚਰਨਾਂ 'ਚ ਜਾ ਬਿਰਾਜੇ।
ਸੂਬਾ ਸੰਦੀਪ ਸਿੰਘ ਜੀ, ਰਾਗੀ ਮਨਜੀਤ ਸਿੰਘ ਜੀ ਦਿੱਲੀ ਅਤੇ ਜੁਗਿੰਦਰ ਸ਼ਿੰਘ ਜੋਗੀ ਜੀ ਨੇ ਕੀਰਤਨ ਕੀਤਾ ।ਸ੍ਰੀ ਭੈਣੀ ਸਾਹਿਬ ਤੋਂ ਸੰਤ ਦਰਸ਼ਨ ਸਿੰਘ ਜੀ ਲਾਂਗਰੀ ਨੇ ਆਪਣੇ ਸਾਥੀਆਂ ਸਮੇਤ ਹਾਜ਼ਰੀ ਲੁਆਈ ।

**-ਸਵਿੰਦਰ ਸਿੰਘ**

## ਗੁਰਮੁਖੀ-ਹਿੰਦਸੇ

| | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 0 |
| ੧ | ੨ | ੩ | ੪ | ੫ | ੬ | ੭ | ੮ | ੯ | ੦ |















Date of Publication: 18-07-2018,
Date of Posting: 19-20 July 2018

RNI NO. 55658/93 Delhi Postal Regd. No. DL(W) 01/2055/18-20

ਮੁਸਕਾਨ, ਤੇਰੀ ਤੱਕਣੀ ਤੇ ਬੋਲ ਮੇਰਾ ਜੀਵਨ, ਸੀਨੇ 'ਚ ਦਿਲ ਜੋ ਧੜਕੇ ਪਾਤਰ ਤੇਰੀ ਦੁਆ ਦਾ



ਤੁਧ ਅੱਖੀਆਂ ਵਿੱਚ ਤੱਕਿਆਂ, ਸੁਹਣੇ! ਸੁਆਦ ਸੁਆਦ ਹੋ ਜਾਈਏ
ਯੁਗ ਯੁਗਾਂਤਰਾਂ ਦੀ ਅਰਾਧਨਾ, ਇੱਕ ਪਲ-ਛਿਣ ਵਿੱਚ ਪਾਈਏ
ਛੁਹ ਤੇਰੀ ਸੁਰਗਾਂ ਦੀ, ਸੁਰਗ ਨ ਲੋੜ ਅਸਾਡੀ
ਚਰਨ ਕਮਲ ਦੀ ਮੌਜ 'ਚ ਰਹਿ ਕੇ, ਸਦਾ ਅਨੰਦ ਉਠਾਈਏ।

Printed and Published by Mr. Harvendra Singh Hanspal on behalf of Namdhari Darbar.Printed at Summit advertising press, 2DLF (Part), Moti Nagar, New Delhi and Published from Namdhari Gurdwara, ramesh Nagar,